ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥

ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਪਟਿਆਲਾ

## ਛਠਮ ਪੀਰ ਬੈਠਾ ਗੁਰ ਭਾਰੀ

ਪੰਜ ਪਿਆਲੇ ਪੰਜ ਪੀਰ, ਛਠਮ ਪੀਰ ਬੈਠਾ ਗੁਰ ਭਾਰੀ।
ਅਰਜਨ ਕਾਇਆ ਪਲਟ ਕੈ, ਮੂਰਤ ਹਰਿ ਗੋਬਿੰਦ ਸਵਾਰੀ।
ਚਲੀ ਪੀੜੀ ਸੋਢੀਆ, ਰੂਪ ਦਿਖਾਵਣ ਵਾਰੋ ਵਾਰੀ।
ਦਲ ਭੰਜਨ ਗੁਰ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ।
ਪੁਛਨ ਸਿਖ ਅਰਦਾਸ ਕਰ, ਛੇ ਮਹਿਲਾਂ ਤਕ ਦਰਸ ਨਿਹਾਰੀ।
ਅਗਮ ਅਗੋਚਰ ਸਤਿਗੁਰੂ, ਬੋਲੇ ਮੁਖ ਤੇ ਸੁਣਹੁ ਸੰਸਾਰੀ।
ਕਲਿਜੁਗਿ ਪੀੜੀ ਸੋਢੀਆਂ ਨਿਹਚਲ ਨੀਵ ਉਸਾਰ ਖਲਾਰੀ।
ਜੁਗ ਜੁਗ ਸਤਿਗੁਰ ਧਰੇ ਅਵਤਾਰੀ॥ ੪੮ ॥

[ਵਾਰ ੧, ਪਾਉੜੀ ੪੮]

੧੯ ਮਈ ਨੂੰ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰ-ਗੱਦੀ ਮਿਲੀ।



www.AKJ.org

# ਲੇਖ ਸੂਚੀ


| ਨੰ: | ਲੇਖ | ਪੰਨਾ | ਲੇਖਕ |
|---|---|---|---|
| ੧ | ਸੰਪਾਦਕੀ | ੪ | ਐਡੀਟਰ |
| ੨ | ਵਿਸ਼ੇ ਵਿਕਾਰਾਂ ਤੋਂ ਬਚਾਉ ਕਿਵੇਂ ਹੋਵੇ ? | ੭ | ਗੁਰਪੁਰਵਾਸੀ ਭਾ. ਸਾਹਿਬ ਭਾ. ਰਣਧੀਰ ਸਿੰਘ ਜੀ |
| ੩ | ਰਹਿੰਦੇ ਸਦਾ ਹਜੂਰਾ (ਕਵਿਤਾ) | ੧੪ | ਬੀਬੀ ਹਰਬੰਸ ਕੌਰ ਬੰਸ ਪਟਿਆਲਾ |
| ੪ | ਅੰਮ੍ਰਿਤ ਵੇਲਾ | ੧੫ | ਡਾ. ਤੇਜਇੰਦਰ ਸਿੰਘ ਜੀ ਭੂਪਾਲ |
| ੫ | ਕੋ ਆਤਮਾ ਸਰੂਪ ਹੈ ਕਹਾ ਸ੍ਰਿਸਟਿ ਕੋ ਬਿਚਾਰ | ੨੧ | ਭਾਈ ਮਹਿੰਦਰ ਸਿੰਘ ਜੀ S.D.O. P.S.E.B. ਹੁਸ਼ਿਆਰਪੁਰ। |
| ੬ | ਨਿਕੀਆਂ ਨਿਕੀਆਂ ਗੱਲਾਂ | ੨੫ | ਭਾਈ ਮਨਮੋਹਨ ਸਿੰਘ ਜੀ M.Sc. ਪਟਨਾ |
| ੭ | ਸੁਣ ਸੁਣ ਜੀਵਾਂ ਤੇਰੀ ਬਾਣੀ (ਕਵਿਤਾ) | ੩੩ | ਗਿ. ਗੁਰਬਚਨ ਸਿੰਘ ਜੀ 'ਧਨੋਆ' ਘੜੂੰਆਂ |
| ੮ | ਕੀ ਸ੍ਰੀ ਦਸਮੇਸ਼ ਜੀ ਨੇ ਪੰਜ ਬਕਰੇ ਝਟਕਾਏ ? | ੩੪ | ਇਕ ਇਤਿਹਾਸਕ ਖੋਜੀ ਦੀ ਕਲਮ ਤੋਂ |
| ੯ | ਗੁਰਸਿਖੀ ਤੇ ਅਜ ਦਾ ਸਿਖ (ਕਵਿਤਾ) | ੩੭ | ਭਾਈ ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰੀ |
| ੧੦ | ਗੁਰਮਤਿ ਦੇ ਝਰੋਖੇ ਤੋਂ | ੩੯ | ਇਕ ਗੁਰਮਤਿ ਖੋਜੀ ਦੀ ਕਲਮ ਤੋਂ |
| ੧੧ | ਕੇਸ | ੪੧ | ਬੀਬੀ ਹਰਬੰਸ ਕੌਰ ਬੰਸ ਪਟਿਆਲਾ |
| ੧੨ | ਅੰਮ੍ਰਿਤ ਛਕੇ ਬਿਨਾਂ ਢੋਈ ਨਹੀਂ | ੪੫ | ਭਾਈ ਮਾਲਿਕ ਸਿੰਘ B.Sc. ਕਾਨਪੁਰ |


**ਖ਼ੁਸ਼ਖ਼ਬਰੀ—** 'ਸੂਰਾ' ਦੇ ਪਾਠਕਾਂ ਨੂੰ ਪੜ੍ਹਕੇ ਪ੍ਰਸੰਨਤਾ ਹੋਵੇਗੀ ਕਿ ਸੂਰਾ ਦੇ ਗੁਰਮਤਿ ਪ੍ਰਚਾਰ ਨੂੰ ਮੁਖ ਰਖਦਿਆਂ ਤੇ ਇਸਨੂੰ ਸਦਾ ਲਈ ਚੜ੍ਹਦੀਆਂ ਕਲਾਂ ਵਿਚ ਲਿਜਾਣ ਵਾਸਤੇ ਹੇਠ ਲਿਖੇ ਸਜਨ ਲਾਈਫ਼ ਮੈਂਬਰ ਬਣ ਚੁਕੇ ਹਨ। ਅਸੀਂ ਆਸ ਰਖਦੇ ਹਾਂ ਕਿ ਹੋਰ ਪਾਠਕ ਵੀ ਵਧ ਤੋਂ ਵਧ ਲਾਈਫ਼ ਮੈਂਬਰ ਬਨਣਗੇ ਤੇ ਹੋਰਨਾਂ ਨੂੰ ਪ੍ਰੇਰਨਗੇ।

ਦਾਸ—ਮੈਨੇਜਰ ਸੂਰਾ, ਰਾਘੋਮਾਜਰਾ, ਪਟਿਆਲਾ।

ਲਾਈਫ਼ ਮੈਂਬਰ—(1) ਸ: ਅੰਮ੍ਰਿਤਪਾਲ ਸਿੰਘ 1617 ਰਣਜੀਤਪੁਰਾ, ਖਾਲਸਾ ਕਾਲਜ, ਅੰਮ੍ਰਿਤਸਰ।
(2) ਸ: ਵਸਾਖਾ ਸਿੰਘ ਓਵਰਸੀਅਰ, ਸਰਸਵਤੀ ਸ਼ੂਗਰ ਮਿੱਲ, ਜਮਨਾ ਨਗਰ।

**'ਸੂਰਾ' ਦਾ ਸਾਲਾਨਾ ਚੰਦਾ—** ਦਸ ੬) ਰੁਪੈ ਪ੍ਰਦੇਸ ੧੦) ਰੁਪੈ ਇਕ ਕਾਪੀ ੬੦ ਪੈਸੇ
ਲਾਈਫ਼ ਮੈਂਬਰ— ੧੫੦) ਰੁਪੈ

## ਰੈਣ ਸਬਾਈ ਕੀਰਤਨ ਬਠਿੰਡਾ

ਸ਼ਹਿਰ ਬਠਿੰਡਾ ਦੀ ਸੰਗਤ ਵਲੋਂ ਮਿਤੀ ੧੧ ਮਈ ਸਨੀਚਰਵਾਰ ਨੂੰ ਗੁ. ਅਕਾਲ ਗੜ ਵਿਖੇ ਰੈਣ ਸਬਾਈ ਕੀਰਤਨ ਹੋਵੇਗਾ, ਸੰਗਤਾਂ ਹੁਮ ਹੁਮਾ ਕੇ ਪੁਜਣ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਦਾਸ—ਸਕੱਤਰ, ਗੁ. ਅਕਾਲਗੜ੍ਹ, ਬਠਿੰਡਾ

www.AKJ.org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥




**ਜ਼ਰੂਰੀ ਸੂਚਨਾ:**—ਪਿਛਲੇ ਪਰਚੇ ਵਿਚ ਸਫ਼ਾ 82 ਤੇ ਅਦੁਤੀ ਸਮਾਗਮ ਦੇ ਸਿਰਲੇਖ ਹੇਠ ਪਿੰਡ ਕੁਰਾਲਾ ਵਿਖੇ ਜਿਹੜਾ ਸਮਾਗਮ 9, 10, 11 ਮਈ ਨੂੰ ਹੋਣਾ ਸੀ, ਉਹ ਹੁਣ 16, 17, ਤੇ 18 ਮਈ ਨੂੰ ਹੋਵੇਗਾ, ਪੂਰੀ ਸਮਾਪਤੀ 19 ਮਈ ਨੂੰ ਹੋਵੇਗੀ।

ਦਾਸ:—ਅਵਤਾਰ ਸਿੰਘ, ਪਿੰਡ ਕੁਰਾਲਾ ਕਲਾਂ
ਜ਼ਿਲਾ ਹੁਸ਼ਿਆਰਪੁਰ

---

## ਸ਼ੋਕ ਸਮਾਚਾਰ

'ਸੂਰਾ' ਦੇ ਸੁਹਿਰਦ ਪਾਠਕਾਂ ਤੇ ਗੁਰਮੁਖ ਪਿਆਰਿਆਂ ਨੂੰ ਸ਼ੋਕਮਈ ਸੂਚਨਾ ਦਿਤੀ ਜਾਂਦੀ ਹੈ ਕਿ ਗਿ: ਪਿਆਰਾ ਸਿੰਘ ਮੈਨੇਜਰ 'ਸੂਰਾ' ਪਟਿਆਲਾ ਦੇ ਪੂਜਯ ਮਾਤਾ ਇੰਦਰ ਕੌਰ ਜੀ ਮਿਤੀ ੨.੫.੬੮ ਨੂੰ ਇਸ ਅਸਾਰ ਸੰਸਾਰ ਦੀ ਯਾਤਰਾ ਸੰਪੂਰਨ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਹਨ, ਉਹਨਾਂ ਦੀ ਆਤਮਕ ਕਲਿਆਣਤਾ ਲਈ ਮਿਤੀ ੧੦.੫.੬੮ ਨੂੰ ਸਵੇਰੇ ੭.੩੦ ਵਜੇ ਮਕਾਨ ਨੰਬਰ ੯੯੯, (ਨੇੜੇ ਗੁ. ਸ੍ਰੀ ਕਲਗੀਧਰ ਧੋਬੀ ਘਾਟ) ਵਿਖੇ ਸ੍ਰੀ ਅਖੰਡ ਪਾਠ ਰਖਿਆ ਜਾਵੇਗਾ, ਜਿਸ ਦਾ ਭੋਗ ੧੨.੫.੬੮ ਦਿਨ ਐਤਵਾਰ ਸਵੇਰੇ ਪੰਜ ਵਜੇ ਪਵੇਗਾ, ਉਪ੍ਰੰਤ ਗੁਰਦਵਾਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਕੀਰਤਨ ਆਸਾ ਦੀ ਵਾਰ, ਪੂਰੀ ਸਮਾਪਤੀ ਸਾਢੇ ਦਸ ਵਜੇ ਹੋਵੇਗੀ।

ਸੋ ਸੂਰਾ ਪ੍ਰੈਸ ਦੇ ਸੰਮੂਹ ਸਟਾਫ਼ ਵਲੋਂ ਅਰਦਾਸ ਹੈ ਕਿ ਵਾਹਿਗੁਰੂ ਵਿਛੜੀ ਆਤਮਾ ਨੂੰ ਆਵਾਗਵਣ ਦੇ ਗੇੜ 'ਚੋਂ ਕਢਕੇ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਤੇ ਗਿਆਨੀ ਜੀ ਤੇ ਹੋਰ ਸਨਬੰਧੀਆਂ ਨੂੰ ਭਾਣਾ ਮੰਨਣ ਦੀ ਸਮਰਥਾ ਬਖ਼ਸ਼ਣ।

(ਐਡੀਟਰ—ਸੂਰਾ)

'ਆਨਰੇਰੀ ਐਡੀਟਰ:
ਮਨੋਹਰ ਸਿੰਘ

ਮਈ ੧੯੬੮

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਰਾਘੋਮਾਜਰਾ, ਪਟਿਆਲਾ ਤੋਂ ੫ ਮਈ ੧੯੬੮ ਨੂੰ ਪ੍ਰਕਾਸ਼ਤ ਕੀਤਾ।

www.AKJ.Org

# ਲੇਖ ਸੂਚੀ


| ਨੰ: | ਲੇਖ | ਪੰਨਾ | ਲੇਖਕ |
| --- | --- | --- | --- |
| ੧ | ਸੰਪਾਦਕੀ | ੪ | ਐਡੀਟਰ |
| ੨ | ਵਿ... ਬਚਾਉ ਕਿਵੇਂ ਹੋਵੇ ? | ੭ | ਗੁਰਪੁਰਵਾਸੀ ਭਾ. ਸਾਹਿਬ ਭਾ. ਰਣਧੀਰ ਸਿੰਘ ਜੀ |
| ੩ | ਰ... | | |
| ੪ | ਐ... | | |
| ੫ | ਕੋ... | | |
| ੬ | ਕਿ... | | |
| ੭ | [illegible] | | |
| ੮ | [illegible] | | |
| ੯ | [illegible] | | |
| ੧੦ | [illegible] | | |
| ੧੧ | [illegible] | | |
| ੧੨ | [illegible] | | |


ਖ਼ੁ...

ਰਖਿ...

ਬਣ...

ਹੋਰਨ...

ਲਾ...

(2) ਸ: ...

'ਸੂਰਾ' ਦਾ ਸਾਲਾਨਾ ਚੰਦਾ— ਦਸ ੬) ਰੁਪੈ ਪ੍ਰਦਸ ੧੦) ਰੁਪੈ ਇਕ ਕਾਪੀ ੬੦ ਪੈਸੇ
ਲਾਈਫ ਮੈਂਬਰ— ੧੫੦) ਰੁਪੈ

## ਰੈਣ ਸਬਾਈ ਕੀਰਤਨ ਬਠਿੰਡਾ

ਸ਼ਹਿਰ ਬਠਿੰਡਾ ਦੀ ਸੰਗਤ ਵਲੋਂ ਮਿਤੀ ੧੧ ਮਈ ਸਨੀਚਰਵਾਰ ਨੂੰ ਗੁ. ਅਕਾਲ ਗੜ ਵਿਖੇ ਰੈਣ ਸਬਾਈ ਕੀਰਤਨ ਹੋਵੇਗਾ, ਸੰਗਤਾਂ ਹੁਮ ਹੁਮਾ ਕੇ ਪੁਜਣ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਦਾਸ—ਸਕੱਤਰ, ਗੁ. ਅਕਾਲਗੜ੍ਹ, ਬਠਿੰਡਾ

www.AKJ.org

ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥




# ਸੂਰਾ

## ਪਟਿਆਲਾ

ਗੁਰਮਤਿ ਪ੍ਰਚਾਰਕ ਮਾਸਕ ਪੱਤਰ


ਜਿਲਦ ਨੰ: ੩ ਵਸਾਖ—ਜੇਠ ੪੯੯ ਨਾਨਕ ਸ਼ਾਹੀ ਅੰਕ ਨੰ: ੪


ਮਾਹ ਜੇਠੁ ਭਲਾ, ਪ੍ਰੀਤਮੁ ਕਿਉ ਬਿਸਰੈ ॥
ਥਲ ਤਾਪਹਿ ਸਰ ਭਾਰ, ਸਾਧਨ ਬਿਨਉ ਕਰੈ ॥
ਧਨ ਬਿਨਉ ਕਰੇਦੀ ਗੁਣ ਸਾਰੇਦੀ, ਗੁਣ ਪ੍ਰਭ ਭਾਵਾ ॥
ਸਾਚੈ ਮਹਲਿ ਰਹੈ ਬੈਰਾਗੀ, ਆਵਣ ਦੇਹਿ ਤ ਆਵਾ ॥
ਨਿਮਾਣੀ ਨਿਤਾਣੀ ਹਰਿ ਬਿਨੁ, ਕਿਉ ਪਾਵੈ ਸੁਖ ਮਹਲੀ ॥
ਨਾਨਕ ਜੇਠਿ ਜਾਣੈ ਤਿਸੁ ਜੈਸੀ, ਕਰਮਿ ਮਿਲੈ ਗੁਣ ਗਹਿਲੀ ॥੭॥



ਆਨਰੇਰੀ ਐਡੀਟਰ :
ਮਨੋਹਰ ਸਿੰਘ

ਮਈ ੧੯੬੮

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਰਾਘੋਮਾਜਰਾ, ਪਟਿਆਲਾ ਤੋਂ ੫ ਮਈ ੧੯੬੮ ਨੂੰ ਪ੍ਰਕਾਸ਼ਤ ਕੀਤਾ ।



www.AKJ.Org




ਪਿਛੇ ਜਿਹੇ ਕੁਝ ਕੁ ਸਜਣਾਂ ਦੀ ਨੇਕ ਸਲਾਹ ਨੇ ਇਕ ਛੋਟੀ ਜਿਹੀ ਸਕੀਮ ਨੂੰ ਜਨਮ ਦਿਤਾ। ਵੀਚਾਰ ਇਹ ਹੋਈ ਕਿ ਛੋਟੇ ਛੋਟੇ ਬਚਿਆਂ ਨੂੰ (8 ਸਾਲ ਤੋਂ 14 ਸਾਲ ਦੀ ਉਮਰ ਤਕਦੇ) ਗੁਰਬਾਣੀ ਵਲ ਕਿਵੇਂ ਪਰੇਰਿਆ ਜਾਏ ? ਆਮ ਸਕੂਲਾਂ ਵਿਚ ਗੁਰਬਾਣੀ ਯਾਦ ਕਰਾਉਣ ਦਾ ਕੋਈ ਪ੍ਰਬੰਧ ਨਹੀਂ। ਇਸ ਦੀ ਸਾਰੀ ਜ਼ਿੰਮੇਂਦਾਰੀ ਮਾਪਿਆਂ ਤੇ ਸੁਟ ਦਿਤੀ ਗਈ ਹੈ ਜੇ ਇਸਤਰਾਂ ਹੀ ਹੈ ਤਾਂ ਮਾਪੇ ਇਸ ਨਵੀਂ ਜ਼ਿਮੇਂਵਾਰੀ ਨੂੰ ਸਮਝਣ, ਤੇ ਆਪਣਾ ਯੋਗ ਹਿੱਸਾ ਪਾਉਣ। ਗੁਰਮੁਖ ਵੀਰਾਂ ਨੇ ਜੋ ਸਕੀਮ ਸੁਝਾਈ ਉਹ ਆਪਦੇ ਪੇਸ਼ ਕਰਦਾ ਹਾਂ। ਥਾਂ ਥਾਂ ਗੁਰਬਾਣੀ ਸੈਂਟਰ ਖੋਹਲੇ ਜਾਣ ਜਿਸ ਵਿਚ ਬੱਚੇ ਖੁਦ ਉਗ੍ਰ (Activityy participate)ਹਿੱਸਾ ਲੈਣ। ਇਕ ਮੁਹੱਲੇ ਵਿਚ ਪੰਜ ਤੋਂ ਸਤ ਘਰ ਰਲ ਕੇ ਇਕ ਸੈਂਟਰ ਬਨਾਣ। ਇਹ ਇਕ ਨਿਕੀ ਜਿਹੀ ਇਕਾਈ ( Unit )ਮੰਨੀ ਜਾਏ। ਇਸ ਵਿਚ ਵਧ ਤੋਂ ਵਧ ਬਚੇ 8-10 ਤਕ ਹੋਣ। ਬਚਿਆਂ ਦੇ ਇਕਠੇ ਹੋਣ ਦਾ ਸਮਾਂ ਦੋ ਵਕਤ ਭੀ ਹੋ ਸਕਦਾ ਹੈ, ਪਰ ਦਿਨ ਵਿਚ ਇਕ ਵਾਰੀ ਤਾਂ ਜ਼ਰੂਰ ਰਲਕੇ ਸਤਸੰਗ ਕਰਨ। ਅਤੇ ਸੋਦਰ ਸਮੇਂ ਇਕ Unit ਦੇ ਬੱਚੇ ਕਿਸੇ ਇਕ ਪ੍ਰੇਮੀ ਦੇ ਘਰ ਇਕਠੇ ਹੋਣ (ਉਹਨਾਂ ਪੰਜ ਸਤਾਂ ਘਰਾਂ ਵਿਚੋਂ ਕਿਸੇ ਇਕ ਦੇ ਘਰ) ਤੇ ਉਥੇ ਰਲ ਕੇ ਸੋਦਰ ਦਾ ਦੀਵਾਨ ਲਾਉਣ। ਉਸ ਘਰ ਦਾ ਪ੍ਰੇਮੀ ਗੁਰਸਿਖ, ਜਾਂ ਭੈਣ ਬਚਿਆਂ ਤੋਂ ਸੋਦਰ ਦਾ ਸ਼ੁਧ ਪਾਠ ਸੁਣੇ ਬੱਚੇ ਹੀ ਸਾਰਾ ਪਾਠ ਗੁਟਕਿਆਂ ਤੋਂ ਕਰਨ ਤੇ ਉਪਰੰਤ ਸਮਾਪਤੀ ਦਾ ਅਰਦਾਸਾ ਕਰਨ। ਇਹ ਦੀਵਾਨ ਵਾਰੋ ਵਾਰੀ, ਇਕ ਇਕ ਹਫਤੇ ਲਈ ਇਹਨਾਂ ਪੰਜਾਂ ਘਰਾਂ ਵਿਚ ਸਜਾਇਆ ਜਾ ਸਕਦਾ ਹੈ। ਇਸ ਵਿਚ ਮਾਪਿਆਂ ਦਾ ਇਤਨਾਂ ਹੀ ਫਰਜ਼ ਹੈ ਕਿ ਦੀਵਾਨ ਨੂੰ ਸ਼ਾਂਤੀ ਪੂਰਬਕ ਸਜਾਉਣ ਤੇ ਅਸ਼ੁਧੀਆਂ ਨੂੰ ਸ਼ੁਧ ਕਰਨ।

ਗੁਰਮੁਖ ਜਨਾਂ ਦਾ ਇਹ ਵੀ ਵਿਚਾਰ ਸੀ ਕਿ ਜਪੁਜੀ, ਸ਼ਬਦ ਹਜ਼ਾਰੇ ਜਾਪ ਸਾਹਿਬ, ਅਨੰਦ ਸਾਹਿਬ (ਸਮਪੂਰਨ) ਤੇ ਕੀਰਤਨ ਸੋਹਲਾ ਇਹਨਾਂ ਗੁਰਬਾਣੀ ਕੇਂਦਰਾਂ ਰਾਹੀਂ ਛੋਟੇ ਬਚਿਆਂ ਨੂੰ ਯਾਦ ਕਰਾਏ ਜਾ ਸਕਦੇ ਹਨ। ਘਰ ਨੇੜੇ ਨੇੜੇ ਹੋਣ ਕਰਕੇ ਬੱਚੇ ਇਕਠੇ ਵੀ ਜਲਦੀ ਹੋ ਸਕਦੇ ਹਨ, ਤੇ ਘਰ


www.AKJ.Org

ਪਰਤਣ ਵਿਚ ਵੀ ਕੋਈ ਔਖ ਨਹੀਂ ਆਏਗਾ। ਦੀਵਾਨ ਬਦਲ ਕੇ ਇਕ ਦੂਜੇ ਦੇ ਘਰ ਸਜਣ ਨਾ ਘਰਾਂ ਦਾ ਵਾਯੂਮੰਡਲ ਵੀ ਪਵਿੱਤ੍ਰ ਹੋਵੇਗਾ ਤੇ ਇਹਨਾਂ ਘਰਾਂ ਵਿਚ ਪਰਸਪਰ ਗੁਰਸਿਖੀ ਪਿਆ ਵਧੇਗਾ। ਇਹ ਕੰਮ ਤਾਂ ਹੀ ਸਿਰੇ ਚੜ੍ਹ ਸਕਦਾ ਹੈ ਜੇ ਸਾਰੇ ਵੀਰ ਤੇ ਭੈਣਾਂ ਇਸ ਨੂੰ ਗੁਰੂ ਦੀ ਸੇਵ ਸਮਝਕੇ ਕਰਨ। ਫਿਰ ਹਰ ਗੁਰਪੁਰਬ ਦੇ ਮੌਕੇ ਤੇ ਹਰ ਸ਼ਹਿਰ ਵਿਚ ਸ਼ੁਧ ਬਾਣੀ ਸੁਨਾਣ ਦੇ ਮੁਕਾਬਲ ਕੀਤੇ ਜਾਣ, ਹਰ ਸ਼ੁਧ ਪਾਠ ਸੁਨਾਣ ਵਾਲੇ ਨੂੰ ਯੋਗ ਇਨਾਮ ਭਰੇ ਦੀਵਾਨਾਂ ਵਿਚ ਵੰਡੇ ਜਾਣ ਤਾਂਕਿ ਬਚਿਆਂ ਦੀ ਹੌਸਲਾ ਅਫ਼ਜ਼ਾਈ ਹੋਵੇ। ਆਸ ਹੈ ਸਾਰੇ ਵੀਰ ਤੇ ਭੈਣਾਂ ਇਸ ਤੇ ਵਿਚਾਰ ਕਰਨਗੇ ਤੇ ਛੇਤੀ ਤੋਂ ਛੇਤੀ ਕੇਂਦਰ ਖੋਹਲਣਗੇ।

ਜੇ ਹੋ ਸਕੇ ਤਾਂ ਇਹਨਾਂ ਕੇਂਦਰਾਂ ਦੇ ਸਥਾਪਨ ਕਰਨ ਦੀ ਸੂਚਨਾਂ ਸਾਨੂੰ ਵੀ ਦਿਤੀ ਜਾਏ ਤਾਂ ਕਿ ਅਸੀਂ, ਸਮੇਂ ਸਮੇਂ ਇਹਨਾਂ ਬਾਰੇ ਕੁਝ ਛਾਪਦੇ ਰਹੀਏ। ਇਸ ਸਕੀਮ ਵਿੱਚ ਸਭ ਤੋਂ ਵਡਾ ਵਾਧਾ ਇਹ ਹੈ ਕਿ ਕੇਂਦਰ ਖੋਹਲਣ ਵਿਚ ਕੋਈ ਖਰਚਾ ਨਹੀਂ ਆਉਂਦਾ। ਕੇਵਲ ਸੇਵਾ ਨਾਲ ਹੀ ਬੇ ਸ਼ੁਮਾਰ ਬੱਚੇ ਗੁਰੂ ਚਰਨਾਂ ਨਾਲ ਜੁੜ ਸਕਦੇ ਹਨ। ਤਾਂਤੇ ਹਰ ਇਕ ਸਿੰਘ, ਗੁਰੂ ਕਾ ਪਿਆਰਾ, ਇਹਨਾਂ ਕੇਂਦਰਾਂ ਨੂੰ ਖੋਲੇ ਤੇ ਵਧ ਤੋਂ ਵਧ ਬਚਿਆਂ ਨੂੰ ਬਾਣੀ ਯਾਦ ਕਰਾਵੇ। ਜੇ ਇਕ ਵਾਰੀ ਬਾਣੀ ਬਚੇ ਨੂੰ ਯਾਦ ਹੋ ਗਈ, ਤਾਂ ਆਣ ਵਾਲੀ ਨਵੀਂ ਪਨੀਰੀ ਦੀ ਕਾਇਆਂ ਹੀ ਪਲਟ ਜਾਏਗੀ।

ਮਾਸਟਰ ਨਿਹਾਲ ਸਿੰਘ ਜੀ ਇਨਚਾਰਜ ਧਾਰਮਕ ਸੈਂਟਰਸ ਲੋਕਲ ਕਮੇਟੀ ਚੀਫ ਖਾਲਸਾ ਦੀਵਾਨ ਨੇ ਦਸਿਆ ਹੈ ਕਿ ਬੰਬਈ ਵਿਚ ਲੋ: ਕ: ਚੀ: ਖਾਲਸਾ ਦੀਵਾਨ ਦੀ ਛਤਰ ਛਾਇਆ ਹੇਠ ਗੁਰਬਾਣੀ ਦੇ ਪਰਚਾਰ ਲਈ ਖੋਹਲੇ ਹੋਇ ਸੈਂਟ੍ਰਾਂ ਦੇ ਤੇ ਹੋਰਨਾਂ ਵਿਦਿਆਥੀਆਂ ਪਾਸੋਂ ਹਰ ਸਾਲ ਗੁਰਪੁਰਬ ਸਮੇਂ ਗੁਰਬਾਣੀ ਸੁਣੀ ਜਾਂਦੀ ਹੈ ਤੇ ਹਰ ਵਿਦਿਆਰਥੀ ਨੂੰ ਸ੍ਰੀ ਜਪੁਜੀ ਸਾਹਿਬ ਸੁਣਾਨ ਤੇ ੫) ਨਿਤਨੇਮ ਦੀਆਂ ਦੋ ਬਾਣੀਆਂ ਸੁਣਾਨ ੭), ਤਿੰਨ ਸੁਣਾਣ ੧੧) ਪੰਜ ਬਾਣੀਆਂ ਸੁਣਾਣ ਤੇ ੩੧) ਤੇ ਲੋਕਲ ਕਮੇਟੀ ਵਲੋਂ ਇਨਾਮ ਦਿਤਾ ਜਾਂਦਾ ਹੈ। ਇਕ ਬਾਣੀ ਵਿਚ ਪੰਜ ਭੁਲਾਂ ਤਕ ਲਈ ਖਿਮਾਂ ਕੀਤੀ ਜਾਂਦੀ ਹੈ। ਅਤੇ ਸੰਗੀਤਕ ਆਸਾ ਦੀ ਵਾਰ ਦੇ ਪਰਚਾਰ ਲਈ ਖੋਹਲੇ ਸੈਂਟਰਾਂ ਦੇ ਵਿਦਿਆਰਥੀਆਂ ੬ ਛੰਤ ਸਲੋਕ, ਪਉੜੀਆ ਤੇ ਪੰਜ ਸ਼ਬਦ ਆਸਾ ਰਾਗ ਵਿਚ ਜ਼ਬਾਨੀ ਵਾਜੇ ਤੇ ਸੁਣਾਨ ਵਾਲੇ ਨੂੰ ੧੦੦ ਰੁਪੈ ਦਾ ਵਾਜਾ, ੧੨ ਸੁਣਾਣ ਤੇ ੧੫੦ ਰੁਪਏ ਤੇ ਸਾਰੀ ਵਾਰ ਸੁਣਾਣ ਤੇ ਹੋਰ ਵਧੀਆ ਵਾਜਾ ਇਨਾਮ ਦਿਤਾ ਜਾਂਦਾ ਹੈ। ਸਰਬ ਗੁਰੂ ਨਾਨਕ ਨਾਮ ਲੇਵਾ ਸਨਸਥਾਵਾਂ ਅਗੇ ਸਨਿਮਰ ਅਪੀਲ ਹੈ ਕਿ ਪੰਥ ਵਿਚ ਇਸ ਅਫਰਾ ਤਫਰੀ ਸਮੇਂ ਉਪਰੋਕਤ ਵਿਉਂਤ ਨਾਲ ਪੰਥਕ ਪਨੀਰੀ (ਸਿਖ ਬਚੇ ਬਚੀਆਂ) ਨੂੰ ਗੁਰਬਾਣੀ ਨਾਲ ਜੋੜਕੇ ਫਰਜ਼ ਆਪਣਾ ਫਰਜ਼ ਪੂਰਾ ਕਰਨ ਤੇ ਗੁਰੂ ਦੀਆਂ ਖੁਸ਼ੀਆਂ ਲੈਨ।

(ਸੰਪਾਦਕ)

**ਸ਼ਹੀਦੀ ਅੰਕ**—ਲੇਖਕਾਂ ਤੇ ਕਵੀ ਸਜਣਾਂ ਪ੍ਰਤੀ ਸੂਚਨਾ ਦਿਤੀ ਜਾਂਦੀ ਹੈ ਕਿ 'ਸੂਰਾ' ਦਾ ਅਗਲਾ ਪ੍ਰਚਾ ਸ਼ਹੀਦੀ-ਅੰਕ ਹੋਵੇਗਾ, ਇਸ ਲਈ ਆਪਣੀਆਂ ਰਚਨਾਵਾਂ ਸ਼ੀਘਰ ਹੀ ਭੇਜਣ ਦੀ ਕਿਰਪਾ ਕਰਨ।

ਮੈਨੇਜਰ—'ਸੂਰਾ' ਰਾਘੋਮਾਜਰਾ, ਪਟਿਆਲਾ

www.AKJ.org

# ਪਰੋਗਰਾਮ ਕੀਰਤਨ ਸਮਾਗਮ ਕੁਮਾਰ ਹਟੀ ਤੇ ਸ਼ਿਮਲਾ

| ਮਿਤੀ | | |
|---|---|---|
| | | ਕੁਮਾਰ ਹਟੀ |
| 29.5.68 ਬੁਧਵਾਰ | | ਕੀਰਤਨ ਸ੍ਰੀ ਆਸਾ ਜੀ ਦੀ ਵਾਰ ਅੰਮ੍ਰਿਤ ਵੇਲੇ ਉਪਰੰਤ ਅਰੰਭ ਸ੍ਰੀ ਅਖੰਡਪਾਠ ਸਾਹਿਬ ਜੀ 9-00 ਵਜੇ |
| ,, ,, | ਸ਼ਾਮ | ਕੀਰਤਨ ਕੁਮਾਰ ਹਟੀ ਗੁਰਦਵਾਰਾ ਸਾਹਿਬ। |
| 30.5.68 ਵੀਰਵਾਰ | | ਅਰੰਭ ਕੀਰਤਨ ਅੰਮ੍ਰਿਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਡਿਗਸ਼ਈ |
| ,, ,, | ਸ਼ਾਮ | ਕੀਰਤਨ 7 ਤੋਂ 9½ ਗ੍ਰਹਿ ਸ: ਅਜਮੇਰ ਸਿੰਘ ਜੀ ਡਿਗਸ਼ਈ |
| 31.5.68 ਸ਼ੁਕਰਵਾਰ | | ਸਮਾਪਤੀ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 5 ਵਜੇ ਉਪਰੰਤ ਕੀਰਤਨ ਦੋਪਹਿਰ ਤਕ ਕੁਮਾਰ ਹਟੀ। |
| ,, ,, | ਸ਼ਾਮ | ਕੀਰਤਨ ਰੈਣ ਸਬਾਈ ਗੁਰਦਵਾਰਾ ਸਾਹਿਬ ਡਿਗਸ਼ਈ ਵਿਖੇ ਸਮਾਪਤੀ ਪ੍ਰੋਗਰਾਮ ਉਪਰੰਤ ਸ਼ਿਮਲਾ |
| 31.5.68 | ਸਵੇਰੇ | ਕੀਰਤਨ ਸ੍ਰੀ ਆਸਾ ਜੀ ਦੀ ਵਾਰ ਅਤੇ ਅਰੰਭ ਸ੍ਰੀ ਅਖੰਡ ਪਾਠ ਸਾਹਿਬ 9 ਵਜੇ ਖਾਲਸਾ ਨਿਵਾਸ ਰਾਮ ਬਾਜ਼ਾਰ, ਸ਼ਿਮਲਾ |
| 1.6.68 | ਸ਼ਾਮ | ਕੀਰਤਨ 7½ ਤੋਂ 10 ਗੁਰਦਵਾਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ ਗੁਰਦਵਾਰਾ ਰੋਡ। |
| 2.6.68 ਐਤਵਾਰ | | ਸਮਾਪਤੀ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 5 ਵਜੇ ਉਪਰੰਤ ਕੀਰਤਨ ਸ੍ਰੀ ਆਸਾ ਜੀ ਦੀ ਵਾਰ ਦੋਪਹਿਰ ਤਕ ਖ਼ਾਲਸਾ ਨਿਵਾਸ ਸ਼ਿਮਲਾ। |
| 2.6.68 | ਸ਼ਾਮ | ਅਰੰਭ ਰੈਣ ਸਬਾਈ ਕੀਰਤਨ 8½ ਵਜੇ ਰਾਤ, ਸਮਾਪਤੀ ਸਵੇਰੇ 8 ਵਜੇ ਉਪਰੰਤ ਸਮਾਪਤੀ। |

ਨੋਟ:—1. ਅੰਮ੍ਰਿਤ ਸੰਚਾਰ ਐਤਵਾਰ 2-6-68 ਨੂੰ ਦੋਪਹਿਰ ਦੇ ਤਿੰਨ ਵਜੇ ਅਰੰਭ ਹੋਵੇਗਾ, ਅੰਮ੍ਰਿਤ ਅਭਲਾਖੀ ਸਜਨ ਦੋ ਦਿਨ ਪਹਿਲੋਂ ਖਾਲਸਾ ਬੂਟ ਹਾਊਸ ਤੇ ਆਪਣੇ ਨਾਂ ਦਰਜ ਕਰਾ ਦੇਵਣ ਜੀ।

2. ਬਿਸਤਰੇ ਲੋੜ ਅਨੁਸਾਰ ਲਿਆਉਣ ਦੀ ਕਿਰਪਾ ਕਰਨੀ।

3. ਬਿਸਰਾਮ ਅਸਥਾਨ ਗੁਰਦਵਾਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ ਵਿਖੇ ਹੋਵੇਗਾ।

ਦਾਸਰੇ—ਅਖੰਡ ਕੀਰਤਨੀ ਜਥਾ, ਕੁਮਾਰ ਹਟੀ ਸ਼ਿਮਲਾ

www.AKJ.Org

# ਵਿਸ਼ੇ ਵਿਕਾਰਾਂ ਤੋਂ ਬਚਾਉ ਕਿਵੇਂ ਹੋਵੇ ?

( ਵਲੋਂ–ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ )

ਗੁਰਬਾਣੀ ਤਾਂ ਬੜੇ ਜ਼ੋਰ ਨਾਲ ਇਸ ਪ੍ਰਕਾਰ ਦੇ ਉਪਦੇਸ਼ ਦ੍ਰਿੜਾਉਂਦੀ ਹੈ :—

ਹਾ ਹਾ ਲਪਟਿਓ ਰੇ ਮੂੜੇ ਕਛੂ ਨ ਥੋਰੀ ॥
ਤੇਰੋ ਨਹੀ ਸੁ ਜਾਨੀ ਮੋਰੀ ॥ ੧ ॥ ਰਹਾਉ ॥
ਆਤਮ ਰਾਮ ਨ ਚੀਨੇ ਖਿਨੂਆ ॥
ਜੋ ਪਰਾਈ ਸੋ ਅਪਨੀ ਮਨਆ ॥ ੧ ॥
ਨਾਮ ਸੰਗੀ ਸੋ ਮਨਿ ਨ ਬਸਾਇਓ ॥
ਛੋਡਿ ਜਾਹਿ ਵਾਹੂ ਚਿਤੁ ਲਾਇਓ ॥
ਸੋ ਸੰਚਿਓ ਜਿਤੁ ਭੂਖ ਤਿਸਾਇਓ ॥
ਅੰਮ੍ਰਿਤ ਨਾਮ ਤੋਸਾ ਨਹੀ ਪਾਇਓ ॥ ੩ ॥
ਕਾਮ ਕ੍ਰੋਧਿ ਮੋਹ ਕੂਪ ਪਰਿਆ ॥
ਗੁਰਪ੍ਰਸਾਦਿ ਨਾਨਕ ਕੋ ਤਰਿਆ ॥ ੪ ॥ ੧ ॥ ੧੬ ॥

ਜੋ ਇਸ ਗੁਰਬਾਣੀ ਨੂੰ ਮੰਨਣ ਹਾਰੇ ਸਿਖ ਇਸ ਗੁਰਵਾਕ ਵਿਖੇ ਬਿਵਰਜਤ ਕਰਮਾਂ ਤੋਂ ਬਾਜ਼ ਨਾ ਆਉਣ, ਤਾਂ ਅੰਮ੍ਰਿਤ ਕਲਾ ਕਿਵੇਂ ਵਰਤੇ ? ਅੰਮ੍ਰਿਤ ਨਾਮ ਤੋਸਾ ਤਾਂ ਉਹ ਸੰਚਦੇ ਭੁੰਚਦੇ ਨਹੀਂ, ਜਿਸ ਨੇ ਕਿ ਐਥੇ ਓਥੇ ਲੋਕ ਪਰਲੋਕ ਵਿਖੇ ਆਧਾਰ ਰੂਪ ਹੋਣਾ ਹੈ ਅਰ ਜੀਵਾਂ ਦਾ ਸੱਚਾ ਉਧਾਰ ਕਰਨਾ ਹੈ। ਉਨ੍ਹਾਂ ਵਸਤੂਆਂ ਦੇ ਸੰਗ੍ਰਹਿਨ ਕਰਨ ਉੱਤੇ ਸਾਰਾ ਜ਼ੋਰ ਲਾ ਰਖਿਆ ਹੈ, ਜਿਹਨਾਂ ਦੇ ਭੁੰਚਨ ਕਰਕੇ ਉਹਨਾਂ ਸਦਾ ਭੁਖੇ ਤਿਹਾਏ ਹੀ ਰਹਿਣਾ ਹੈ, ਤਾਂ ਦਸੋ ਕਿ ਅਮਰ ਕਲਾ ਕਿਥੋਂ ਆਵੇ ? ਕਾਮ, ਕ੍ਰੋਧ, ਮੋਹ ਰੂਪੀ ਖੂਹ ਵਿਚਿ ਡਿਗੇ ਪਏ ਰਹਿਣ ਉਪਰ ਹੀ ਜੋ ਸੰਤੁਸ਼ਟ ਹੋਣ, ਉਹਨਾਂ ਨੂੰ ਪਤਿਤ ਦਸ਼ਾ ਤੋਂ ਉਭਰਨ ਦਾ ਸਾਹਸ ਹੀ ਨਹੀਂ, ਅਤੇ ਇਸ ਦਸ਼ਾ ਨੂੰ ਪ੍ਰਤੀਤ ਕਰਾਉਣ ਹਾਰੇ ਗੁਰਵਾਕ ਹੀ ਨਹੀਂ ਪੋਂਹਦੇ। ਉਹਨਾਂ ਨੂੰ ਆਪਣੀ ਪਾਪਿਸ਼ਟ ਪਤਿਤ ਦਸ਼ਾ ਪਰਤੀਤ ਹੀ ਨਹੀਂ ਹੁੰਦੀ। ਗੁਰ ਸਿਖਿਆ ਦੀ ਭੈ ਭਾਵਨੀ ਤੋਂ ਵੰਚਤ ਹੋਏ ਅਹਿਨਿਸ ਕੂੜ ਕੁਸਤਿ ਭਰੇ ਹੋਏ ਨੱਕੋ ਨੱਕ ਪਾਪਾਂ ਨਾਲਿ ਹੀ ਪੂਰਤ ਰਹਿੰਦੇ ਹਨ। ਜਿਵੇਂ ਓਹ ਦਿਨੇ ਰਾਤ ਪਾਪਾਂ ਵਿਚ ਹੀ ਗ਼ਲਤਾਨ ਰਹਿੰਦੇ ਹਨ, ਓਵੇਂ ਓਹ ਦਿਨ ਰਾਤ ਅੰਮ੍ਰਿਤ ਨਾਮ ਤੋਸਾ ਭੁੰਚਣ ਵਿਚ ਗ਼ਲਤਾਨ ਰਹਿਣ, ਤਾਂ ਓਹਨਾਂ ਦੀ ਪਾਪਾਂ ਭਰੀ ਮਤ ਦੀ ਮੈਲ ਦੂਰ ਹੋਵੇ ਅਤੇ ਉਤਰ ਕੇ ਹੀ ਫੇਰ ਆਤਮ ਰੰਗ ਚਲੂਲੇ ਚੜ੍ਹਦੇ ਹਨ।

ਯਥਾ ਗੁਰਵਾਕ :—

ਇਹ ਸਰੀਰ ਕੂੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ ॥
ਗੁਰਮੁਖਿ ਭਗਤਿ ਜਿਤ ਸਹਜ ਧੁਨਿ ਉਪਜੈ ਬਿਨੁ ਭਗਤੀ ਮੈਲੁ ਨ ਜਾਇ ॥.........
ਅੰਮ੍ਰਿਤ ਨਾਮੁ ਪੀਆ ਦਿਨ ਰਾਤੀ ਦੁਬਿਧਾ ਮੈਲੁ ਨਿਵਾਰੇ ॥
( ਗਉੜੀ ਮਹਲਾ ੧ )

ਇਸ ਗੁਰਵਾਕ ਦੀ ਪਹਿਲੀ ਤੁਕ ਦੇ ਭਾਵ ਅਨੁਸਾਰ ਜਿਹੜੇ ਪੁਰਸ਼ ਗਲ ਤਾਈਂ ਪਾਪਾਂ ਨਾਲ ਹੀ ਅਟੇ ਹੋਏ ਹੋਣ ਅਤੇ ਅਹਿਨਿਸ ਪਾਪ ਕਮਾਈਆਂ ਹੀ ਕਰੀ ਜਾਣ, ਓਹਨਾਂ ਪਤਿਤਾਂ ਨੂੰ ਇਸ ਪਤਿਤ ਦਸ਼ਾ ਵਿਚੋਂ ਉਭਾਰਨ ਲਈ ਹੋਰ

www.AKJ.Org

ਕੋਈ ਭੀ ਉਪਾਉ ਵਸੀਲਾ ਨਹੀਂ ਕਿ ਉਹ ਅੰਮ੍ਰਿਤ ਛਕ ਕੇ ਨਾਮ ਅਭਿਆਸ ਕਮਾਈਆਂ ਕਰਨ, ਨਹੀਂ ਤਾਂ ਪਤਿਤ ਦੇ ਪਤਿਤ ਹੀ ਰਹਿਣਗੇ, ਪਰ ਨਾਮ ਪਦਾਰਥੋਂ ਘੁਥੇ ਸਿਖਾਂ ਦੀ ਭੀ ਸੰਸਾਰੀ ਜੀਵਾਂ ਮਾਇਆ ਬਉਰਾਨੇ ਸਾਕਤ ਪੁਰਸ਼ਾਂ ਵਾਲੀ ਦਸ਼ਾ ਹੋਇ ਰਹਿੰਦੀ ਹੈ। ਓਇ ਅਭਾਗੇ ਮਾਇਆ ਮਗਨਤਾ ਵਿਖੇ ਹੀ ਦਿਨ ਰਾਤ ਸੋਇ ਰਹਿੰਦੇ ਹਨ ਅਤੇ ਨਿਸਬਾਸਰ ਮਿਥਿਆ ਦਾ ਗ੍ਰਹਿਨ ਹੀ ਕਰਦੇ ਹਨ ਅਤੇ ਇਸ ਮਿਥਨ ਮਨੋਰਥੀ ਸੁਪਨ ਸਾਰਖੇ ਅਸਤਿ ਪਦਾਰਥਾਂ ਦੇ ਸੁਆਦ ਰਸਾਂ ਨੂੰ ਓਹ ਮਨਮੁਖੀ ਜੀਵ ਸਚੇ ਕਰਕੇ ਸਮਝੀ ਬੈਠੇ ਹਨ। ਜੋ ਵਾਸਤਵ ਸਤਿ ਪਦਾਰਥ ਅੰਮ੍ਰਿਤ ਨਾਮੁ ਹੈ, ਜਿਸ ਨੇ ਸਦਾ ਸੰਗਿ ਰਹਿਣਾ ਹੈ ਅਤੇ ਸੰਗ ਜਾਣਾ ਹੈ ਉਸਦਾ ਉਹਨਾਂ ਨੂੰ ਤਿਲ ਮਾਤਰ ਭੀ ਮਰਮ ਨਹੀਂ। ਕੈਸੀ ਭਿਆਨਕ ਦਸ਼ਾ ਹੈ। ਸੋਈ ਇਸ ਅਗਲੇ ਗੁਰਵਾਕ ਅੰਦਰ ਦਰਸਾਈ ਗਈ ਹੈ।

ਯਥਾ ਗੁਰਵਾਕ :—

ਆਸਾ ਮਹਲਾ ॥ ੪॥ ਦਾਵਰ ਸੋਇ ਰਹੇ ॥ ੧ ॥ ਰਹਾਉ ॥
ਮੋਹ ਕੁਟੰਬ ਬਿਖੈ ਰਸ ਮਾਤੇ ਮਿਥਿਆ ਗਹਿਨ ਗਹੇ ॥੧॥
ਮਿਥਨ ਮਨੋਰਥ ਸੁਪਨ ਆਨੰਦ ਉਲਾਸ ਮਨਿਮੁਖ ਸਤਿ ਕਹੇ ।੨।
ਅੰਮ੍ਰਿਤੁ ਨਾਮੁ ਪਦਾਰਥ ਸੰਗੇ ਤਿਲੁ ਮਰਮੁ ਨ ਲਹੇ ॥੩॥
ਕਰਿ ਕਿਰਪਾ ਰਾਖੇ ਸਤਿ ਸੰਗੇ ਨਾਨਕ ਸਰਣਿ ਅਹੇ ।੪।੨।੧੪੧।

ਇਸ ਗੁਰਵਾਕ ਦੀ ਅਖੀਰਲੀ ਤੁਕ ਦਸਦੀ ਹੈ ਕਿ ਗੁਰੂ ਦੀ ਕਿਰਪਾਲਤਾ ਦੁਆਰਾ ਜੇਕਰ ਸੰਤਾਂ ਦਾ ਸਤਿਸੰਗ ਬਣ ਆਵੇ ਤਾਂ ਅਹੋ ਭਾਗ ਹੋਣ। ਤਾਂਤੇ ਗੁਰ ਸਿਖਾਂ ਨੂੰ ਸਦਾ ਦੇ ਸਤਿਸੰਗ ਦੀ ਮੰਗ ਮੰਗਣੀ ਚਾਹੀਦੀ ਹੈ। ਨਾਮ ਅਭਿਆਸੀਆਂ ਦਾ ਸਤਿਸੰਗ ਗੁਰਬਾਣੀ ਕੀਰਤਨੀਆਂ ਦਾ ਸਤਿਸੰਗ, ਗੁਰਬਾਣੀ ਦੇ ਪਾਠ ਦਾ ਅਖੰਡ ਸਤਿਸੰਗ, ਸਿਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਦਾ ਚਰਨ ਸਰਨ ਸਰਣਾਗਤੀ ਸਤਿਸੰਗ ਹਰ ਵਕਤ ਬਣਿਆ ਹੀ ਰਹੇ, ਤਾਂ ਅੰਮ੍ਰਿਤ ਨਾਮ ਦੀ ਸਦਾ ਚੜ੍ਹਦੀ ਕਲਾ ਬਣੀ ਰਹਿੰਦੀ ਹੈ, ਨਹੀਂ ਤਾਂ ਮਿਥਨੁ ਮੁਹਾਰਾ ਵਿਸ਼ੇ ਵਿਕਾਰਾ ਪਰਪੰਚ ਜਾਲ ਫੁਨਿ-ਫੁਨਿ ਆਣਿ ਮੁਹਾਉਂਦਾ ਹੈ। ਏਸੇ ਕਰਕੇ ਹੀ ਬਾਰੰਬਾਰ ਇਸ ਪ੍ਰਕਾਰ ਦੇ ਗੁਰਵਾਕ ਉਚਾਰਨ ਹੋਏ ਹਨ:—

੧ ਅੰਮ੍ਰਿਤ ਨਾਮ ਪ੍ਰਮੇਸਰ ਤੇਰਾ ਜੋ ਸਿਮਰੈ ਸੋ ਜੀਵੈ ॥
੨ ਅੰਮ੍ਰਿਤ ਨਾਮੁ ਪੀਵਹੁ ਮੇਰੇ ਭਾਈ ॥ ਸਿਮਰਿ ਸਿਮਰਿ ਸਭ ਤਪਤ ਬੁਝਾਈ ॥
੩ ਅੰਮ੍ਰਿਤ ਨਾਮੁ ਅਰਾਧੀਐ ਨਿਰਮਲ ਮਨੈ ਹੋਵੈ ਪਰਗਾਸੋ ॥
੪ ਅੰਮ੍ਰਿਤ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ ॥
੫ ਅੰਮ੍ਰਿਤ ਨਾਮੁ ਭੁੰਚ ਮਨ ਮਾਹੀ ਅਚਰਜ ਸਾਦ ਤਾਕੇ ਬਰਨੇ ਨਾ ਜਾਹੀ ॥
੬ ਅੰਮ੍ਰਿਤ ਨਾਮ ਰਸਨਾ ਨਿਤ ਗਾਵੈ ॥ ਜਿਸ ਨੋ ਕਿਰਪਾ ਕਰੇ ਸੋ ਹਰਿ ਰਸੁ ਪਾਵੈ ॥
੭ ਭਉ ਭਾਗਾ ਨਿਰਭਉ ਮਨਿ ਬਸੈ ॥ ਅੰਮ੍ਰਿਤ ਨਾਮੁ ਰਸਨਾ ਨਿਤ ਜਪੈ ॥ ਕੋਟ ਜਨਮ ਕੇ ਕਾਟੇ ਫਾਹੇ ॥ ਪਾਇਆ ਲਾਭ ਸਚ ਧਨੁ ਲਾਹੇ ॥ ਤੋਟਿ ਨ ਆਵੈ ਅਖੁਟ ਭੰਡਾਰ ॥ ਨਾਨਕ ਭਗਤ ਸੋਹਹਿ ਹਰਿ ਦੁਆਰਿ ॥
੮ ਅੰਮ੍ਰਿਤ ਨਾਮੁ ਰਸਨੁ ਨਿਤ ਜਾਪੈ ॥ ਰੋਗ ਰੂਪ ਮਾਇਆ ਨ ਬਿਆਪੈ ॥ ਜਪਿ ਗੋਬਿੰਦ ਸੰਗੀ ਸਭਿ ਤਾਰੇ ਪੋਹਤ ਨਹੀਂ ਪੰਚ ਬਟਵਾਰੇ ॥
੯ ਦੁਖੁ ਰੋਗ ਕਛੂ ਭਉ ਨ ਬਿਆਪੇ ॥ ਅੰਮ੍ਰਿਤ ਨਾਮੁ ਰਿਦੈ ਹਰਿ ਜਾਪੈ ॥
੧੦ ਪ੍ਰਭ ਕੈ ਸਿਮਰਨਿ ਮਨ ਕੀ ਮਲ ਜਾਇ ॥


www.AKJ.Org

ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥

੧੧ ਗੁਰਿ ਪੂਰੇ ਮੇਰੀ ਰਾਖ ਲਈ ॥ ਅੰਮ੍ਰਿਤ ਨਾਮੁ ਰਿਦੇ ਮਹਿ ਦੀਨਾ ਜਨਮ ਜਨਮ ਕੀ ਮੈਲ ਗਈ ॥

੧੨ ਅੰਮ੍ਰਿਤ ਪੀਵਹੁ ਸਾਧ ਪਿਆਰੇ ॥ ਮੁਖੁ ਊਜਲ ਸਾਚੇ ਦਰਬਾਰੇ ॥ ਅਨਦ ਕਰਹੁ ਤਜਿ ਸਗਲ ਬਿਕਾਰ ॥ ਨਾਨਕ ਹਰਿ ਜਪਿ ਉਤਰਹੁ ਪਾਰਿ ॥

੧੩ ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥ ਨਿਰਮਲ ਨਾਮੁ ਜਿਤ ਮੈਲੁ ਨਾ ਲਾਗੈ ਗੁਰਮਤਿ ਨਾਮੁ ਜਪੈ ਲਿਵ ਲਾਵੈ ॥ ਨਾਮ ਪਦਾਰਥ ਜਿਨ ਨਰ ਨਾਹੀਂ ਪਾਇਆ ਸੇ ਭਾਗ ਹੀਣ ਮੋਏ ਮਰਿ ਜਾਵੈ।

੧੪ ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ ॥ ਪ੍ਰਾਨ ਤਰਨ ਕਾ ਇਹੈ ਸੁਆਉ ॥

੧੫ ਅੰਮ੍ਰਿਤ ਬਾਣੀ ਅਮਿਉ ਰਸੁ ਅੰਮ੍ਰਿਤ ਹਰਿ ਕਾ ਨਾਉ ॥ ਮਨਿ ਤਨਿ ਹਿਰਦੈ ਸਿਮਰਿ ਹਰਿ ਆਠ ਪਹਿਰ ਗੁਣ ਗਾਉ ॥

੧੬ ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸ ਕ੍ਰਿਪਾਲੁ ਹੋਵੈ ਤਿਸੁ ਰਿਦੈ ਵਸੇਹਾ। ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖ ਹੋਹਾ ॥

੧੭ ਨਾਮ ਰਤਨ ਕੋ ਕੋ ਬਿਉਹਾਰੀ ॥ ਅੰਮ੍ਰਿਤ ਭੋਜਨ ਕਰੈ ਅਹਾਰੀ ॥

੧੮ ਅੰਮ੍ਰਿਤ ਭੋਜਨੁ ਨਾਮੁ ਹਰਿ ਰਜਿ ਰਜਿ ਜਨ ਖਾਹੁ ॥ ਸਭਿ ਮਨੋਰਥ ਪਾਈਅਨਿ ਸਿਮਰਨੁ ਸਚੁ ਲਾਹੁ ॥

੧੯ ਅੰਮ੍ਰਿਤ ਰਸੁ ਹਰਿ ਧਾਇਆ ਬਿਖਿਆ ਰਸ ਫੀਕੇ ਰਾਮ ॥

੨੦ ਅੰਮ੍ਰਿਤ ਰਸੁ ਹਰਿ ਕੀਰਤਨੋ ਕੋ ਵਿਰਲਾ ਪਾਵੈ। ਵਜਹੁ ਨਾਨਕ ਮਿਲੈ ਏਕੁ ਨਾਮੁ ਰਿਦ ਜਪਿ ਜਪਿ ਜੀਵੈ ॥

੨੧ ਅੰਮ੍ਰਿਤ ਨਾਮੁ ਮਹਾ ਰਸ ਮੀਠਾ ਗੁਰਸਬਦੀ ਚਖਿ ਜਾਪੈ ॥

੨੨ ਅੰਮ੍ਰਿਤ ਨਾਮੁ ਪਰਮੇਸਰ ਤੇਰਾ ਜੋ ਸਿਮਰੈ ਸੋ ਜੀਵੈ ॥ ਜਿਸ ਨੋ ਕਰਮ ਪ੍ਰਾਪਤ ਹੋਵੈ ਸੋ ਜਨ ਨਿਰਮਲ ਥੀਵੈ ॥

੨੩ ਅੰਮ੍ਰਿਤ ਨਾਮ ਰਸਨ ਰਸੁ ਰਸਨਾ ਗੁਰਸਬਦੀ ਰਸੁ ਪੀਜੈ।

੨੪ ਅੰਮ੍ਰਿਤ ਨਾਮ ਸੁਆਮੀ ਤੇਰਾ ਜੋ ਪੀਵੈ ਤਿਸ ਹੀ ਤ੍ਰਿਪਤਾਸ ॥ ਜਨਮ ਜਨਮ ਕੇ ਕਿਲ ਬਿਖ ਨਾਸਹਿ ਆਗੈ ਦਰਗਹਿ ਹੋਇ ਖਲਾਸ।

੨੫ ਅੰਮ੍ਰਿਤ ਨਾਮੁ ਮਨਹਿ ਆਧਾਰੋ। ਜਿਨ ਦੀਅ ਤਿਸ ਕੈ ਕੁਰਬਾਨੋ ਗੁਰ ਪੂਰੇ ਨਮਸਕਾਰੋ ੧ ॥ ਰਹਾਉ ॥ ਬੂਝੀ ਤ੍ਰਿਸਨਾ ਸਹਜ ਸੁਹੇਲਾ ਕਾਮ ਕ੍ਰੋਧ ਬਿਖ ਜਾਰੋ। ਆਇ ਨ ਜਾਇ ਬਸੈ ਇਹ ਠਾਹਰ ਜਹ ਆਪਨ ਨਿਰੰਕਾਰੋ। ਏਕੈ ਪਰਗਟ ਏਕੈ ਗੁਪਤਾ ਏਕੈ ਧੂੰਧੂਕਾਰੋ ॥ ਮਧਿ ਅੰਤਿ ਪ੍ਰਭੁ ਸੋਈ ਕਹੁ ਨਾਨਕ ਸਾਚ ਬੀਚਾਰੋ ॥ ੨ ॥ ੩੧ ॥੫੪।

੨੬ ਅੰਮ੍ਰਿਤੁ ਨਾਮੁ ਪੀਆ ਮਨੁ ਤ੍ਰਿਪਤਿਆ ਆਘਾਏ ਰਸਨਚਖਾ। ਕਹੁ ਨਾਨਕ ਸੁਖ ਸਹਜ ਪੈ ਪਾਇਆ ਗੁਰਿ ਲਾਹੀ ਸਗਲ ਤਿਖਾ ॥

ਸਾਰੰਗ ਮਹਲਾ ੫ ॥

੨੭ ਫੀਕੇ ਹਰਿਕੇ ਨਾਮੁ ਬਿਨੁ ਸਾਦ ॥ ਅੰਮ੍ਰਿ

www.AKJ.Org

ਰਸ ਕੀਰਤਨ ਹਰਿ ਗਾਈਐ ਅਹਿਨਿਸ ਪੂਰਨ ਸਾਦ ।੧। ਰਹਾਉ । ਸਿਮਰਤ ਸਾਂਤਿ ਮਹਾਂ ਸੁਖੁ ਪਾਈਐ ਮਿਟਿ ਜਾਹਿ ਸਗਲ ਬਿਖਾਧਿ ॥ ਹਰਿ ਹਰਿ ਲਾਭ ਸਾਧ ਸੰਗਿ ਪਾਈਐ ਘਰਿ ਲੈ ਆਵਹੁ ਲਾਦਿ ॥੧॥ ਸਭ ਤੇ ਊਚ ਊਚ ਤੇ ਊਚੋ ਅੰਤ ਨਹੀਂ ਮਰਜਾਦ ॥ ਬਰਨ ਨ ਸਾਕਉ ਨਾਨਕ ਮਹਿਮਾ ਪੇਖਿ ਰਹੇ ਬਿਸਮਾਦ ॥੨॥੫੫॥੭੮।

੨੮ ਰਮਣੰ ਕੇਵਲੰ ਕੀਰਤਨੰ ਸੁਧਰਮੰ ਦੇਹ ਧਾਰਣਹ। ਅੰਮ੍ਰਿਤ ਨਾਮੁ ਨਾਰਾਇਣ ਨਾਨਕ ਪੀਵਤੰ ਸੰਤਨ ਤ੍ਰਿਪਤਹ ॥

੨੯ ਅੰਮ੍ਰਿਤੁ ਨਾਮੁ ਨਿਧਾਨੁ ਦਿਤਾ ਤੁਸਿ ਹਰਿ ॥ ਨਾਨਕ ਸਦਾ ਅਰਾਧਿ ਕਦੇ ਨ ਜਾਹਿ ਮਰਿ ॥

੩੦ ਜਗਤ ਉਧਾਰਣ ਨਵ ਨਿਧਾਨ ਭਗਤਹ ਭਵ-ਤਾਰਨ ॥ ਅੰਮ੍ਰਿਤ ਬੂੰਦ ਹਰਿ ਨਾਮੁ ਬਿਸੁ ਕੀ ਬਿਖੈ ਨਿਵਾਰਣ ॥

੩੧ ਉਚਰਹੁ ਰਾਮ ਨਾਮੁ ਲਖਬਾਰੀ ॥ ਅੰਮ੍ਰਿਤ ਰਸ ਪੀਵਹੁ ਪ੍ਰਭ ਪਿਆਰੀ ॥੧॥ ਰਹੋਉ ॥ ਸੂਖ ਸਹਜ ਰਸ ਮਹਾ ਅਨੰਦਾ ॥ ਜਪਿ ਜਪਿ ਜੀਵੇ ਪਰਮਾਨੰਦਾ ॥ ਕਾਮ ਕ੍ਰੋਧ ਲੋਭ ਮੋਹ ਖੋਏ ॥ ਸਾਧ ਕੇ ਸੰਗਿ ਸਭ ਕਿਲ ਬਿਖ ਖੋਏ ॥

੩੨ ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ।

## ਸੱਚ ਚਾਨਣ ਮੁਨਾਰਾ

ਗੁਰਮਤਿ ਮਾਰਗ ਤੇ ਚਲਣਹਾਰੇ ਪਰਮਾਰਥ ਪਾਂਧੀਆਂ ਨੂੰ ਇਸ ਖੰਡੇ-ਧਾਰ ਮਾਰਗ ਦਾ ਪੈਂਡਾ ਕੱਟਣ ਲਈ ਏਹ ਅੰਮ੍ਰਿਤ ਨਾਮ ਹੀ ਚਾਨਣ ਮੁਨਾਰਾ ਹੈ, ਇਸ ਅੰਮ੍ਰਿਤ ਜੋਤਿ ਚਾਨਣ ਦੀ ਖਿਨ ਖਿਨ ਸਹਾਇਤਾ ਬਿਹੂਣ ਅਤੀ ਚਤਰ ਪਰਮਾਰਥੀ ਭੀ ਅੰਧ ਅਗਿਆਨੀ ਹੈ। ਚਿਤਰ ਬਚਿਤਰ ਮੋਹਨੀ ਮਾਇਆ ਦੀਆਂ ਫੇਟਾਂ ਤੋਂ ਬਚਾਉਣ ਲਈ ਅੰਧਲੇ ਪੰਧਾਊ ਨੂੰ ਨਾਮ ਦੀ ਟੋਹਣੀ ਹਰ ਵਕਤ ਦਰਕਾਰ ਹੈ।

ਨਾਮ ਮਹਾਂ ਰਸ ਦੀ ਅਮੀ ਵਿਗਾਸਨੀ ਖਿਨ ਖਿਨੀ ਟੋਹ ਤੋਂ ਘੁਥੇ ਨੂੰ ਇਹ ਮਹਾਂ ਮੋਹਨੀ ਬਹੁ ਪਰਕਾਰ ਸੁੰਦਰ ਸੋਹਨੀ ਚੰਚਲ ਚਲਿਤਰਨੀ ਮਾਇਆ ਅਨਿਕ ਭਾਵ ਦਿਖਾਇ ਦਿਖਾਇ ਅਤੇ ਭਾਂਤ ਭਾਂਤ ਦੇ ਵੇਸ ਵਟਾਇ ਵਟਾਇ ਮੋਹੰਦੀ ਹੈ ਐਸੀ ਢੀਠ ਮੀਠੀ ਹੋਇਕੈ ਮਨ ਨੂੰ ਚਿਮੜਦੀ ਹੈ ਕਿ ਇਕ ਵਾਰ ਨਾਮ ਲਿਵ ਡੋਰੀ ਤੋਂ ਉਖੜੇ ਪੰਧਾਊ ਦੀ ਚਉਕੜੀ ਭੁਲਾ ਦਿੰਦੀ ਹੈ ਅਤੇ ਜਿਨ੍ਹਾਂ ਨੂੰ ਗੁਰਮਤਿ ਨਾਮ ਉਕਾ ਹੀ ਪ੍ਰਾਪਤ ਨਹੀਂ, ਦਾ ਤਾਂ ਠਿਕਾਣਾ ਹੀ ਕੋਈ ਨਹੀਂ। ਗ੍ਰਿਹਿ ਵਿਖੇ ਰਹਿਣ ਵਾਲੇ ਗ੍ਰਿਹਸਤੀਆਂ ਨੂੰ, ਬਨਾਂ ਵਿਖੇ ਵਿਚਰਨ ਵਾਲੇ ਬਨਬਾਸੀਆਂ ਬ੍ਰਹਮਚਾਰੀਆਂ ਨੂੰ ਨੂੰ, ਤੀਰਥਾਂ ਤੇ ਗਮਨ ਕਰਨਹਾਰੇ ਯਾਤਰੂਆਂ ਨੂੰ, ਤੀਰਥ ਬਰਤ ਪੂਜਾ ਕਰਦਿਆਂ ਭੀ ਬਾਟ ਘਾਟ ਆਇ ਜੋਂਹਦੀ ਹੈ। ਇਸ ਕਰਕੇ ਇਸ ਅਵਘਟ ਘਾਟੀ ਦੇ ਪਰੇਮ ਸੁਮਾਰਗੀ ਲਈ ਇਹ ਉਚਿਤ ਹੈ ਕਿ ਖਿਨ ਖਿਨ ਨਾਮ ਰੰਗਾਂ ਵਿਚ ਲੀਨ ਰਹੇ। ਜਦੋਂ ਖਿਨ ਭੀ ਓਹਦੀ ਬਿਰਤੀ ਉਚਾਟ ਹੁੰਦੀ ਦਿਸੇ, ਜਿਸ ਭੀ ਉਸ ਦੀ ਆਤਮ ਸੁਰਤੀ ਦਾ ਖਿੜਾਉ ਠੰਡਾ ਪੈਂਦਾ ਦਿਸੇ, ਓਸੇ ਖਿਨ ਹੀ ਨਾਮ ਨੂੰ ਚੜ੍ਹਦੀ ਕਲਾ ਵਿਚ ਰਖਣ ਦੀਆਂ ਬੇਨਤੀਆਂ ਵਿਚ ਜੁਟ ਜਾਵੇ। ਅਰਦਾਸ ਬੇਨਤੀ ਦੁਆਰਾ ਤੱਤ ਛਿਨ ਓਹੀ

www.AKJ.Org

ਵਿਗਾਸ ਆਦਿ ਬਣਦਾ ਹੈ ਅਤੇ ਆਤਮ ਰੌ ਚਲ ਪੈਂਦੀ ਹੈ। ਨਾਮ ਖ਼ੁਦ ਹੀ ਬੇਨਤੀ ਸਰੂਪ ਹੈ, ਨਾਮ ਨੂੰ ਉਚਾਰਨਾ ਹੀ ਸਨਮੁਖ ਦਰਸ ਹਜ਼ੂਰੀ ਦੀ ਹਜ਼ੂਰੀ ਵਿਚ ਮਉਜ ਮਾਨਣਾ ਹੈ। ਨਾਮ ਨੂੰ ਹੋਰ ਆਤਮ ਵਿਗਾਸ ਦੀ ਯਾਚਨਾ ਵਿਚ ਸਾਵਧਾਨ ਹੋਣਾ ਹੈ।

ਇਸ ਸੁਹਾਵਣੇ ਸੰਸਾਰ ਬਿਰਖ ਉਤੇ ਵਸਣ ਵਾਲੇ ਪੰਖਣੂ ਬਿਖੈ ਬਾਸ਼ਨਾ ਦੇ ਬਸ ਹੋਏ ਚਹੁੰ ਦਿਸਿ ਚਹਿ ਚਹਾਉਂਦੇ ਫਿਰਦੇ ਹਨ, ਪਰ ਓਹਨਾਂ ਨੂੰ ਬਿਖ ਫਲ ਹੀ ਪ੍ਰਾਪਤ ਹੁੰਦਾ ਹੈ, ਜਿਸ ਦੇ ਬਿਖੈ ਰਸਾਂ ਨੂੰ ਚਖ ਚਖ ਕੇ ਉਹਨਾਂ ਦੇ ਪੱਲੇ ਦੱਝਣਾ ਤੇ ਬਿਲਬਿਲਾਉਣਾ ਹੀ ਰਹਿੰਦਾ ਹੈ। ਸਤਿਗੁਰੂ ਬਾਝੋਂ ਸਚੇ ਮਹਲ ਦੀ ਪ੍ਰਾਪਤੀ ਕਦੇ ਨਹੀਂ ਹੁੰਦੀ ਅਤੇ ਨਾ ਹੀ ਨਿਗੁਰੇ ਗੁਰਮੰਤ੍ਰ ਹੀਣਸ ਪ੍ਰਾਣੀਆਂ ਨੂੰ ਅੰਮ੍ਰਿਤ ਫਲ ਦੀ ਪ੍ਰਾਪਤੀ ਹੁੰਦੀ ਹੈ। ਇਸ ਸੰਸਾਰ ਬ੍ਰਿਖ ਦੀਆਂ ਸ਼ਾਖਾਂ ਟਹਿਣੀਆਂ ਜਿਨਾਂ ਜਿਨਾਂ ਉਪਰ ਉਹ ਟਪੂਸੀਆਂ ਮਾਰਦੇ ਫਿਰਦੇ ਹਨ, ਨਿਰੀਆਂ ਤਰੈਗੁਣੀ ਮਾਇਆ ਦੀਆਂ ਵਧੀਆਂ ਹੋਣੀਆਂ ਲਗਰਾਂ (ਵਿਸ ਗੰਦਲਾਂ) ਹਨ। ਇਹਨਾਂ ਤਰੈਗੁਣ ਸ਼ਾਖਾਂ ਦੀ ਵਿਸ ਕੇਵਲ ਇਕੋ ਗੁਰਮਤ ਨਾਮ ਗੁਰਮੰਤ੍ਰ ਦੀ ਅਤੁਟ ਅਭਿਆਸ ਕਮਾਈ ਦੁਆਰਾ ਹੀ ਨਿਵਾਰੀ ਜਾ ਸਕਦੀ ਹੈ। ਬੱਸ! ਅੰਮ੍ਰਿਤ ਫਲ ਇਕੋ ਨਾਮ ਹੀ ਹੈ। ਇਸ ਨੂੰ ਸੋਈ ਖਾਂਦਾ ਹੈ, ਜਿਸ ਨੂੰ ਵਾਹਿਗੁਰੂ ਆਪਿ ਕਿਰਪਾ ਕਰ ਖੁਆਉਂਦਾ ਹੈ। ਨਾਮ ਤੋਂ ਬੇਮੁਖ ਮਨਮੁਖੀਏ ਪੁਰਸ਼ ਬਿਖੇ ਰਸਾਂ ਵਿਚ ਖੁਆਰ ਹੋਇ ਹੋਇ ਕੇ ਹੀ ਸੁਕ ਜਾਂਦੇ ਹਨ। ਤਿੰਨ੍ਹਾਂ ਸੋਕੜ ਸਾਕੜ ਊਭ ਮੁਖੀਏ ਪੁਰਸ਼ਾਂ ਦੇ ਪਾਸ ਭੀ ਨਹੀਂ ਬੈਠਣਾ ਚਾਹੀਦਾ, ਉਹ ਨਿਗੁਰੇ; ਨਿਘਰੇ ਨਿਗੁੰਸਾਏ ਜੁ ਹੋਏ। ਓਹ ਨਿਤ ਨਿਤ ਕਟਿ ਕਟਿ ਜਲਿ ਜਲਿ ਮਰਦੇ ਹਨ। ਇਹਨਾਂ ਦੇ ਭਾਗਾਂ ਵਿਚ ਨਾ ਗੁਰੂ ਦਾ ਦੀਖਤ ਸ਼ਬਦ ਗੁਰ-ਮੰਤ੍ਰ ਹੈ, ਨਾ ਹੀ ਨਾਮ ਅਭਿਆਸ ਹੈ। ਇਸ ਗੁਰ ਸ਼ਬਦ ਬਿਨਾਂ ਸਾਰਾ ਜਗ ਬਉਰਾਨਿਆ ਫਿਰਦਾ ਹੈ ਅਤੇ ਬਿਰਥਾ ਜਨਮ ਗਵਾ ਰਹਿਆ ਹੈ। ਬੜੇ ਬੜੇ ਪਦਾਰਥਾਂ ਵਾਲੇ ਰਾਜੇ ਭੂਮੀਏ ਭੀ ਏਸ ਰਸ ਘੁਮਣ ਘੇਰੀ ਵਿਚ ਠਹਿਚਲੇ ਫਿਰਦੇ ਹਨ। ਆਹਾ! ਇਸ ਪ੍ਰਥਾਇ ਕੈਸਾ ਗੁਰਵਾਕ ਇੰਨ ਬਿੰਨ ਘਟਦਾ ਯਾਦ ਆਇਆ ਹੈ।

ਯਥਾ ਗੁਰਵਾਕ :—

ਵਡੇ ਵਡੇ ਰਾਜਨ ਅਰ ਭੂਮਨ ਤਾਕੀ ਤ੍ਰਿਸਨ ਨ ਬੂਝੀ।
ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨਾ ਸੂਝੀ।੧।
ਬਿਖਿਆ ਮਹਿ ਕਿਨ ਹੀ ਤ੍ਰਿਪਤ ਨ ਪਾਈ।
ਜਿਉ ਪਾਵਕ ਈਧਨ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ।੧।ਰਹਾਉ
ਦਿਨ ਦਿਨ ਕਰਤ ਭੋਜਨ ਬਹੁ ਬਿੰਜਨ ਤਾਕੀ ਮਿਟੈ ਨ ਭੂਖਾ।
ਉਦਮ ਕਰੈ ਸੁਆਨ ਕੀ ਨਿਆਈ ਚਾਰੇ ਕੁੰਟਾ ਘੋਖਾ।੨।
ਕਾਮਵੰਤੀ ਕਾਮੀ ਬਹੁ ਨਾਰੀ ਪਰ ਗ੍ਰਿਹ ਜੋਹ ਨ ਚੂਕੈ।
ਦਿਨ ਪ੍ਰਤਿ ਕਰੈ ਕਰੈ ਪਛਤਾਪੈ ਸੋਗ ਲੋਭ ਮਹਿ ਸੂਕੈ।੩।
ਹਰਿ ਹਰਿ ਨਾਮੁ ਅਪਾਰ ਅਮੋਲਾ ਅੰਮ੍ਰਿਤੁ ਏਕੁ ਨਿਧਾਨਾ।
ਸੂਖ ਸਹਜ ਆਨੰਦ ਸੰਤਨ ਕੈ ਨਾਨਕ ਗੁਰ ਤੇ ਜਾਨਾ।

## ਸਚਾ ਅਨੰਦ ਤੇ ਤਨ ਮਨ ਦਾ ਮਉਲਣਾ

ਲਵੈ ਨਾ ਲਾਗਨ ਕਉ ਹੈ ਕਛੂਐ ਜਾ ਕਉ ਫਿਰਿ ਇਹੁ ਧਾਵੈ।
ਜਾ ਕਉ ਗੁਰਿ ਦੀਨੋ ਇਹੁ ਅੰਮ੍ਰਿਤੁ ਤਿਸ ਹੀ ਕਉ ਬਨਿ ਆਵੈ।੧।
ਜਾਕਉ ਆਇਓ ਏਕੁ ਰਸਾ। ਖਾਨ ਪਾਨ ਆਨ ਨਹੀ ਖੁਧਿਆ ਤਾਕੈ ਚਿਤਿ ਨਾ ਬਸਾ॥ ੧॥ ਰਹਾਉ॥ ਮਉਲਿਓ ਮਨੁ ਤਨੁ ਹੋਇਓ ਹਰਿਆ ਏਕ ਬੂੰਦ ਜਿਨ ਪਾਈ। ਬਰਨ ਨ ਸਾਕਉ ਉਸਤਤਿ ਤਾਕੀ ਕੀਮਤਿ ਕਹਣ ਨ ਜਾਈ।੨।

ਇਸ ਗੁਰਵਾਕ ਤੋਂ ਨਿਰਣੇ ਕਰਕੇ ਏਹ ਗੁਰਮਤਿ ਅਸੂਲ ਦ੍ਰਿੜ ਹੁੰਦਾ ਹੈ ਕਿ ਜਿਵੇਂ—

ਆਨੰਦ ਆਨੰਦ ਸਭ ਕੋ ਕਹੈ ਆਨੰਦ ਗੁਰ ਤੇ ਜਾਣਿਆ॥

ਵਾਲੀ ਗੁਰ-ਪੰਗਤੀ ਅੰਦਰ ਸਚੇ ਅਨੰਦ


www.AKJ.Org

ਤੱਤ ਪਰਮਾਰਥੀ ਅਨੰਦ ਦੀ ਸਚਾਈ ਦਰਸਾਈ ਹੈ ਕਿ ਐਵੇਂ ਅਨੰਦ ਤਾਂ ਸਾਰੀ ਲੁਕਾਈ ਹੀ ਕਹਿੰਦੀ ਫਿਰਦੀ ਹੈ ਤੱਤ ਅਨੰਦ ਦੀ ਸਾਰ ਗੁਰੂ ਦੁਆਰੇ ਹੀ ਜਾਣੀ ਜਾਂਦੀ ਹੈ, ਤੇ ਤਿਵੇਂ ਹੀ ਅੰਮ੍ਰਿਤ ਅੰਮ੍ਰਿਤ ਭੀ ਜਣਾ ਕਣਾ ਕਥਦਾ ਫਿਰਦਾ ਹੈ। ਆਪੇ ਹੀ ਇਸ ਅੰਮ੍ਰਿਤ ਦੀ ਸਾਰ ਕਉਣ ਜਾਣ ਸਕਦਾ ਹੈ। ਬਸ—

ਜਾਕਉ ਗੁਰਿ ਦੀਨੋ ਇਹੁ ਅੰਮ੍ਰਿਤੁ ਤਿਸ ਹੀ ਕਉ ਬਨਿ ਆਵੈ ।

ਜਿਸ ਨੂੰ ਇਸ ਇਕੋ ਅੰਮ੍ਰਿਤ ਰਸ ਦਾ ਸੱਚਾ ਸੁਆਦ ਆ ਗਿਆ ਹੈ, ਉਸ ਦੇ ਚਿਤ ਵਿਚ ਹੋਰ ਰਸਾਂ ਕਸਾਂ ਦੇ ਖਾਨ ਪਾਨ ਦੀ ਖੁਧਿਆ ਤ੍ਰਿਸ਼ਨਾ ਪਰਬਲ ਪੈ ਹੀ ਨਹੀਂ ਸਕਦੀ। ਗੁਰੂ ਦੁਆਰੇ ਹੋਇਕੇ ਅੰਮ੍ਰਿਤ ਰਸ ਰਸੰਨੜੇ ਅੰਮ੍ਰਿਤ ਬੂੰਦ ਬੁਰਕੜੇ ਤੱਤ ਨਾਮ ਕਮਾਈ ਵਾਲੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਜਿਨ੍ਹਾਂ ਦੇ ਅੰਦਰ ਇਸ ਅੰਮ੍ਰਿਤ ਦੀ ਇਕ ਕਣੀ ਭੀ ਪਰਵੇਸ਼ ਹੋ ਗਈ ਹੈ, ਉਸ ਦਾ ਮਨ ਤਨ ਮਉਲ ਉਠਿਆ ਹੈ ਅਤੇ ਸੁਕਿਓ ਹਰਾ ਹੋ ਗਿਆ ਹੈ। ਇਮ ਅੰਮ੍ਰਿਤ ਮਉਲਣ ਦੀ ਦਸ਼ਾ ਦੀ ਮਹਿਮਾ ਵਰਨਣ ਹੀ ਨਹੀਂ ਹੋ ਸਕਦੀ ਅਤੇ ਕੀਮਤਿ ਕਹੀ ਨਹੀਂ ਜਾ ਸਕਦੀ। ਐਸੇ ਅੰਮ੍ਰਿਤਧਾਰੀਆਂ ਦਾ ਛਕਿਆ ਹੋਇਆ ਅੰਮ੍ਰਿਤ ਕਦੇ ਅਨ-ਅੰਮ੍ਰਿਤ ਹੋ ਹੀ ਨਹੀਂ ਸਕਦਾ ਕਿਉਂਕਿ ਉਹ ਸਦਾ ਹੀ ਇਸ ਅੰਮ੍ਰਿਤ ਬੂੰਦ ਦੇ ਚਾਤ੍ਰਿਕ ਵਾਪਾਰੀ ਰਹਿੰਦੇ ਹਨ। ਅੰਦਰ ਪਰਵੇਸ਼ ਹੋਈ ਅੰਮ੍ਰਿਤ ਬੂੰਦ ਨੂੰ ਇਕ ਵਾਰ ਅੰਦਰ ਵਸਾ ਕੇ ਫਿਰ ਉਹ ਇਸ ਨੂੰ ਵਿਸਾਰ ਨਹੀਂ ਦਿੰਦੇ। ਅਤੁਟ ਅਭਿਆਸ ਦੁਆਰਾ ਇਸ ਨੂੰ ਕਮਾਉਂਦੇ ਰਹਿੰਦੇ ਹਨ ਅਤੇ ਇਹ ਨਾਮ ਅੰਮ੍ਰਿਤ ਸਰ ਦਿਨੋ ਦਿਨ ਵਧਦਾ ਰਹਿੰਦਾ ਹੈ ਵਧੋ ਵਧ ਅੰਮ੍ਰਿਤ ਵਿਗਾਸ ਵਿਚ ਅੰਮ੍ਰਿਤ ਰਸੰਨੀ ਬਿਰਤੀ ਕਦੇ ਭੀ ਤੋਟ ਵਿਚ ਨਹੀਂ ਆਉਂਦੀ। ਤੋਟੇ ਵਾਲੀਆਂ ਬਿਰਤੀਆਂ ਅੰਮ੍ਰਿਤ ਰਸ ਤੋਂ ਤੁਟੀਆਂ ਨਿਖੁੱਟੀਆਂ ਹੋਈਆਂ ਸੁਰਤੀਆਂ ਭਾਂਤ ਭਾਂਤ ਦੀਆਂ ਬਿਖੇ ਚੋਗ ਵਾਸਾਂ ਵਿਚ ਜਾ ਫਸਦੀਆਂ ਹਨ। ਬਿਖੇ ਰਸ ਫਾਸਾ ਵਿਚ ਫਾਥੇ ਹੋਏ ਜੰਤ ਬਿਖੇ ਠਗਾਉਰੀ ਖਾਇ ਖਾਇ ਅਤੇ ਹਰਿ ਚੰਦਉਰੀ ਵਿਖੇ ਉਰਝਾਇ ਉਰਝਾਇ ਉਹ ਉਹ ਕਰਮ ਕਰਤੂਤਾਂ ਕਰ ਬੈਠਦੇ ਹਨ, ਜਿਨ੍ਹਾਂ ਦੇ ਕਰਨ ਕਹਿ ਸ਼ਰਮਿੰਦਗੀ ਉਠਾਉਣੀ ਪੈਂਦੀ ਹੈ। ਐਸੀਆਂ ਕਰਮ ਕਰਤੂਤੀ ਸ਼ਰਮਿੰਦਗੀਆਂ ਵਾਲੀਆਂ ਕੁਰੀਤਾਂ ਹੀ ਪਤਿਤ ਕੁਕਰਮੀ ਕੁਰਹਿਤਾਂ ਹਨ। ਏਹ ਓਦੋਂ ਹੀ ਹੁੰਦੀਆਂ ਹਨ, ਜਦੋਂ ਅੰਮ੍ਰਿਤ ਅੰਮ੍ਰਿਤ ਨਹੀਂ ਰਹਿੰਦਾ। ਪੁਰਸ਼ ਆਪਣੀ ਕਰਣੀ ਕਰਿ ਹੀ ਅੰਮ੍ਰਿਤ ਖੁਆਉਂਦੇ ਹਨ। ਆਪਣੀ ਕਰਣੀ ਕਰ ਹੀ ਪਤਿਤ ਕਰਮਾਂ ਦੀ ਸਜ਼ਾ ਭੁਗਤਦੇ ਹਨ। ਏਦੂੰ ਵਧਕੇ ਹੋਰ ਸਜ਼ਾ ਹੀ ਕੀ ਹੋਈ ? ਜੇ ਉਹ ਪਤਿਤ ਨ ਗਰਦਾਨਿਆ ਗਿਆ, ਸੁੱਕੀਆਂ ਪ੍ਰਾਸਚਿਤੀ ਸਜ਼ਾਵਾਂ ਸਹਿਕੇ ਉਹ ਸੁਰਜੀਤ ਨਹੀਂ ਹੋ ਸਕਦਾ। ਸਜ਼ਾਵਾਂ ਡੰਨ ਭੀ ਉਸ ਨੂੰ ਲਗਣਗੇ ਪਰ ਓਹ ਪਤਿਤ ਦਸ਼ਾ ਤੇ ਸੁਰਜੀਤ ਅਮਰੀਤ ਤਦੇ ਹੀ ਹੋਵੇਗਾ, ਜੇ ਉਸ ਨੂੰ ਬਹੁੜ ਅੰਮ੍ਰਿਤ ਛਕਾਇਆ ਜਾਵੇਗਾ ਅਤੇ ਤੱਤ ਬੂੰਦ ਅੰਮ੍ਰਿਤ ਛਕਾਇਆ ਜਾਵੇਗਾ। ਦੇਖੋ ਕਰਮ ਕਰਤੂਤੀ ਪਤਿਤ ਕਰਮਾਂ ਦੀ ਇਸ ਅਗਲੇ ਗੁਰਵਾਕ ਵਿਖੇ ਕੇਸੀ ਭਿਅੰਕਰ ਦਸ਼ਾ ਦਿਖਾਈ ਹੈ—

ਧਨਾਸਰੀ ਮਹਲਾ ੫ ॥

ਜਿਹ ਕਰਨੀ ਹੋਵਹਿ ਸਰਮਿੰਦਾ ਇਹਾ ਕਮਾਣੀ ਰੀਤਿ। ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ ਦ੍ਰਿੜੀ ਬਿਪਰੀਤਿ।੧। ਮਾਇਆ ਮੋਹ ਭੂਲੋ ਅਵਰੈ ਹੀਤ। ਹਰਿ ਚੰਦਉਰੀ ਬਨਹਰਿ ਪਾਤਰੋ ਇਹੈ ਤੁਹਾਰੋ ਬੀਤ ।੧।ਰਹਾਉ। ਚੰਦਨ ਲੇਪ ਹੋਤ ਦੇਹ ਕਉ ਸੁਖੁ ਗਰਧਭ ਭਸਮ ਸੰਗੀਤ। ਅੰਮ੍ਰਿਤ ਸੰਗਿ ਨਾਹਿ ਰੁਚਿ


www.AKJ.org

ਆਵਤ ਬਿਖੈ ਠਗਉਰੀ ਪ੍ਰੀਤ ।੨। ਉਤਮ ਸੰਤ ਭਲੇ ਸੰਜੋਗੀ ਇਸ ਜਗ ਮਹਿ ਪਵਿਤ ਪੁਨੀਤ । ਜਾਤ ਅਕਾਰਥ ਜਨਮ ਪਦਾਰਥ ਕਾਚ ਬਾਦਰੈ ਜੀਤ ।੩। ਜਨਮ ਜਨਮ ਕੇ ਕਿਲ ਵਿਖ ਦੁਖ ਭਾਗੇ ਗੁਰ ਗਿਆਨ ਅੰਜਨ ਨੇਤ੍ਰੀ ਦੀਤ। ਸਾਧ ਸੰਗਿ ਇਨ ਦੁਖ ਤੇ ਨਿਕਸਿਓ ਨਾਨਕ ਏਕ ਪਰੀਤਿ ।੪।੯।

ਇਸ ਗੁਰਵਾਕ ਤੋਂ ਏਹ ਗਲ ਭੀ ਦ੍ਰਿੜ ਹੁੰਦੀ ਹੈ ਕਿ ਕਚਹੁੰ ਕੰਚਨ ਕਰਨ ਨੂੰ ਗੁਰੂ ਅਤੇ ਗੁਰੂ ਦੀ ਪੰਜੀਂ ਪ੍ਰਮੇਸਰ ਸਾਧ ਸੰਗ ਅਤੇ ਗੁਰ ਗਿਆਨ ਪਦਾਰਥ ਅੰਮ੍ਰਿਤ ਅਤੇ ਅੰਮ੍ਰਿਤ ਨਾਮ ਹੀ ਸਮਰਥ ਹੈ। ਐਸੀ ਪਾਰਸ ਕਲਾ ਵਰਤ ਬਾਝੋਂ ਕਾਠ ਲੋਹਾ, ਕੰਚਨ ਕਿਵੇਂ ਹੋਵੇਗਾ । ਬਿਖੈ ਠਗਉਰੀ ਫਾਥੇ ਗਰਧਭ (ਗਧੇ) ਨੂੰ ਅੰਮ੍ਰਿਤ ਸੰਗਿ ਰੁਚੀ ਹੀ ਨਹੀਂ ਆਵਣੀ ਜਦੋਂ ਤਾਈਂ ਓਸਦੀ ਬਿਖੇ ਭਸਮ ਸੰਗਿ ਖਿਚੋਤਾਣੀ ਮੋਹ ਪ੍ਰੀਤ ਹੈ। ਸਤਿਗੁਰ ਦਾ ਬਹੁੜ ਅੰਮ੍ਰਿਤਧਾਰੀ ਸਿਖ ਬਣੇ ਬਿਨਾਂ ਅਤੇ ਨਵੇਂ ਸਿਰਿਓਂ ਅੰਮ੍ਰਿਤ ਦੀ ਜਾਗ ਲਗੇ ਬਿਨਾਂ ਓਹ ਇਸ ਮਿਰਤਕ ਦਸ਼ਾ ਤੋਂ ਕਿਉਂਕਰਿ ਸੁਰਜੀਤ ਹੋ ਸਕਦਾ ਹੈ? ਪਤਿਤ ਕਰਮ ਕਰਨ ਕਰਕੇ ਜਿਸ ਜੀਉ ਉਤੇ ਮੁਰਦਿਹਾਣ ਵਰਤ ਚੁਕੀ ਹੋਵੇ, ਓਸਨੂੰ ਨਵਜਨਮਾ ਕਰਨ ਦੀ ਅਵੱਸ਼ ਲੋੜ ਹੈ. ਏਹ ਕੇਵਲ ਅੰਮ੍ਰਿਤ ਛਕਾਉਣ ਦੁਆਰਾ ਹੀ ਪੂਰੀ ਹੋ ਸਕਦੀ ਹੈ।

## ਅੰਮ੍ਰਿਤ ਕਿਵੇਂ ਤੁਟਦਾ ਤੇ ਵਿਗੜਦਾ ਹੈ?

ਏਹ ਕਹਿਣਾ ਕਿ ਪਤਿਤ ਕਰਮਾਂ ਦੁਆਰਾ ਕੁਝ ਨਹੀਂ ਵਿਗੜਦਾ, ਅੰਮ੍ਰਿਤ ਹਰ ਹਾਲਤ ਵਿਚ ਅੰਮ੍ਰਿਤ ਹੀ ਰਹਿੰਦਾ ਹੈ,ਐਸਾ ਕਹਿਣ-ਹਾਰਿਆਂ ਦਾ ਇਹ ਕਥਨ ਕਲਪਣਾ ਮਿਥਿਆ ਹੈ । ਸਭ ਪਤਿਤ ਕਰਮ ਪੰਜਾਂ ਵਿਕਾਰਾਂ ਤੋਂ ਉਪਜਦੇ ਹਨ, ਮਾਨਸ ਦੇਹੀ ਅੰਦਰ ਇਹਨਾਂ ਪੰਜਾਂ ਵਿਕਾਰਾਂ ਦਾ ਹੀ ਰਾਜ ਹੈ। ਪੰਜ ਭੂਤਕ ਮਾਨੁਖਾ ਦੇਹੀ ਏਹਨਾਂ ਪੰਜਾਂ ਵਿਕਾਰਾਂ ਨਾਲ ਖਚਾ ਖਚ ਭਰੀ ਪਈ ਹੈ ਜਿਤਨੇ ਭੀ ਵਿਕਰਮ ਹਨ, ਮਨੁੱਖ ਏਹਨਾਂ ਪੰਜਾਂ ਵਿਕਾਰਾਂ ਦੇ ਅਧੀਨ ਹੋ ਕੇ ਹੀ ਕਮਾਉਂਦਾ ਹੈ। ਇਹਨਾਂ ਵਿਕਾਰਾਂ ਤੋਂ ਹੋੜਨਹਾਰਾ ਕੋਈ ਨਹੀਂ। ਆਪੇ ਇਹਨਾਂ ਤੋਂ ਬਚਿਆ ਜਾ ਨਹੀਂ ਸਕਦਾ। ਸਾਂ ਸੰਸਾਰ ਅੰਦਰ ਹੀ ਅੰਧ ਵਰਤਾਰਾ ਵਰਤ ਰਹਿਅ ਹੈ ਅਤੇ ਬਾਝ ਗੁਰੂ ਘੋਰ ਅੰਧਾਰਾ ਅਤੇ ਤਿਮਰ ਗੁਬਾਰਾ ਹੀ ਚਾਰ ਚੁਫੇਰੇ ਛਾ ਰਹਿਆ ਹੈ। ਇਹਨ ਅੰਧ ਧੁੰਧ ਵਹਿਣਾਂ ਵਿਚ ਰੁੜ੍ਹੀ ਜਾਂਦੀ ਲੋਕਾਈ ਨੂੰ ਜੇ ਸਹਾਰਾ ਹੈ ਤਾਂ ਸਚੇ ਸਤਿਗੁਰੂ ਦੇ ਪਤਿਤ ਪਾਵਨ ਪਤਿਤ ਉਧਾਰਨ ਅੰਮ੍ਰਿਤ ਦਾ। ਅਤੇ ਏਹ ਅੰਮ੍ਰਿਤ ਜਿਸ ਨੋ ਸੁਰਨਰ ਮੁਨਿ ਜਨ ਲੋਚਦੇ ਰਹੇ ਅਤੇ ਲੋਚਿ ਲੋਚਿ ਰਹਿ ਥਕੇ, ਕੇਵਲ ਸਤਿਗੁਰੂ ਦੇ ਘਰੋਂ ਦੁਆਰਿਓਂ ਦਰ ਦਰਬਾਰਿਓਂ ਹੀ ਪਾਇਆ ਜਾ ਸਕਦਾ ਹੈ। ਗੁਰੂ ਦੁਆਰਿਓਂ ਇਸ ਅੰਮ੍ਰਿਤ ਨੂੰ ਪਾਕੇ ਭੀ ਸੁਚੇਤ ਰਹਿਣਾ ਪੈਂਦਾ ਹੈ, ਨਹੀਂ ਤਾਂ ਪੰਚ ਵਿਕਾਰ ਰੂਪੀ ਚੋਰ ਇਸ ਅੰਮ੍ਰਿਤ ਨੂੰ ਲੁਟ ਲੈਂਦੇ ਹਨ। ਪੰਜਾਂ ਵਿਕਾਰਾਂ ਦੇ ਦਮਨ ਕਰਨ ਨੂੰ ਅੰਮ੍ਰਿਤ ਅਤੇ ਅੰਮ੍ਰਿਤ ਛਕਣ ਸਮੇਂ ਦਸਿਆ ਦ੍ਰਿੜਾਇਆ ਅੰਮ੍ਰਿਤ ਪਥ ਹੀ ਸਮਰਥ ਹੈ। ਇਸ ਅੰਮ੍ਰਿਤ ਪਥ ਤੋਂ ਅਵੇਸਲੇ ਹੋਇਆ ਪੰਜਾਂ ਵਿਕਾਰਾਂ ਦੇ ਫੇਰ ਉਪਜ ਪੈਣ ਦਾ ਖਤਰਾ ਹੈ, ਕਿਉਂਕਿ ਅੰਮ੍ਰਿਤ ਦਾ ਪਥ ਨਾ ਰਖਿਆ ਅੰਮ੍ਰਿਤ ਵਥ ਨੂੰ ਛਡ ਕੇ ਕੁਪੱਥੀ ਸਿਖ ਜ਼ਗਿਆਸੂ ਬਿਖਿਆ ਵਿਹਾਜਣ ਲੱਗ ਪੈਂਦੇ ਹਨ। 'ਅੰਮ੍ਰਿਤ ਛੋਡਿ ਬਿਖਿਆ ਲੋਭਾਣੇ' ਵਾਲਾ ਵਰਤਾਰਾ ਵਰਤ ਜਾਂਦਾ ਹੈ, ਬੱਸ ਇਕ ਵਾਰ ਅੰਮ੍ਰਿਤ ਕਲਾ ਤੋਂ ਖਿਸਕਿਆ ਫੇਰ ਤਾਂ ਬਿਖਿਆ ਲੁਭਾਣੇ ਜੰਤਾਂ ਦਾ ਗਤਿ ਵਤੀਰਾ ਇਸ ਹੇਠਲੇ ਗੁਰਵਾਕ ਵਿਚ ਦਰਸਾਏ ਭਾਵ ਵਾਲਾ ਹੋ ਜਾਂਦਾ ਹੈ :—

ਅੰਮ੍ਰਿਤ ਛੋਡਿ ਬਿਖ ਲਗੇ ਬਿਖੁ ਖਟਣਾ ਬਿਖੁ ਰਾਸਿ ।
ਬਿਖ ਖਾਣਾ ਬਿਖ ਪੈਨਣਾ ਬਿਖ ਕੇ ਮੁਖ ਗਿਰਾਸ ।
ਐਥੇ ਦੂਖੋ ਦੂਖ ਕਮਾਵਣਾ ਮੋਇਆ ਨਰਕਿ ਨਿਵਾਸ ।
ਮਨਮੁਖਿ ਮੁਹਿ ਮੈਲੇ ਸਬਦ ਨ ਜਾਣਨੀ ਕਾਮ ਕ੍ਰੋਧਿ ਵਿਣਾਸ ।
ਸਤਿਗੁਰ ਕਾ ਭਉ ਛੋਡਿਆ ਮਨ ਹਠਿ ਕੰਮ ਨ ਆਵੈ ਰਾਸਿ ।
ਜਮਪੁਰਿ ਬਧੇ ਮਾਰੀਅਹਿ ਕੋ ਨ ਸੁਣੇ ਅਰਦਾਸਿ ।
ਨਾਨਕ ਪੂਰਬ ਲਿਖਿਆ ਕਮਾਵਣਾ ਗੁਰਮੁਖਿ ਨਾਮਿ ਨਿਖਾਸ ।

(ਚਲਦਾ)


www.AKJ.Org

# ਰਹਿੰਦੇ ਸਦਾ ਹਜ਼ੂਰਾ

(ਵਲੋਂ:—ਹਰਬੰਸ ਕੋਰ 'ਬੰਸ' ਸਰਦਾਰਨੀ ਨਾਨਕ ਸਿੰਘ ਸ਼ਹੀਦ, ਪਟਿਆਲਾ)

ਭਾਈ ਸਾਹਿਬ ਰਣਧੀਰ ਸਿੰਘ ਜੀ ਸੱਚਾ ਬਚਨ ਦਾ ਪੂਰਾ।
ਅੰਮ੍ਰਿਤ ਰੰਗ ਚਲੂਲੇ ਰਾਤੀਂ ਖਾਂਦੇ ਭੋਜਨ ਚੂਰਾ।
ਤਿਨ ਕੀਆਂ ਜੀਵਨ ਝਲਕਾਂ ਦੱਸੇ ਜੇਹੜਾ ਮਾਸਕ ਸੂਰਾ।
ਅੱਠੇ ਪਹਿਰ ਨਾਮ ਨਾਲ ਜੁੜਦੇ ਚੜ੍ਹਦਾ ਰਹੇ ਸਰੂਰਾ।
ਸੱਚਾ ਵਣਜ ਨਾਮ ਦਾ ਕੀਤਾ ਬਾਕੀ ਦੁਨੀਆ ਕੂਰਾ।
ਜੋ ਦਰ ਰਹੇ ਸੋ ਉਭਰਨ ਭਾਈ ਰਹਿੰਦੇ ਸਦਾ ਹਜ਼ੂਰਾ।
ਜਾ ਪਹੁੰਚੇ ਸਚਖੰਡੀ ਅੰਦਰ ਜਿਥੇ ਗਨੀ ਮਮੂਰਾ (ਉਹਾਂ ਗਨੀ ਵਸੇ ਮਮੂਰ)
ਈਹਾਂ ਖਾਟ ਚਲੇ ਹਰ ਲਾਹਾ ਤਿਨ੍ਹਾਂ ਕਦੇ ਨਾ ਝੂਰਾ।
ਕਹੁ ਕਬੀਰ ਗੁੰਗੇ ਗੁੜ ਖਾਇਆ ਮਿੱਠਾ ਖੰਡ ਖਜੂਰਾ।
ਗੁਰ ਕਾ ਬਚਨ ਨਿਭਾਇਆ ਅੰਤੀ ਜੋ ਸਤਿਗੁਰ ਦਸਤੂਰਾ।
ਰਹਿਤ ਬਹਿਤ ਵਿਚ ਪੱਕੇ ਸਨ ਉਹ ਮੁਖ ਅਮਿਓ ਭਰਪੂਰਾ।
ਰੈਣ ਸਬਾਈਆਂ ਕਰ ਪ੍ਰਚਲਤ ਕੀਰਤ ਗਹਿਣ ਗਹਨੂਰਾ।
ਨਿੰਮਰਤਾ ਭਰਿਆ ਦਿਲ ਉਨ੍ਹਾਂ ਦਾ ਕਦੇ ਨਾ ਕਰਨ ਗਰੂਰਾ।
ਜਦੋਂ ਸੀ ਦਰਸ ਉਨ੍ਹਾਂ ਦਾ ਕੀਤਾ ਚੇਹਰਾ ਰੱਬੀ ਨੂਰਾ।
'ਬੰਸ' ਨਿਮਾਣੀ ਦਾਨ ਇਹ ਮੰਗਦੀ ਬੰਛਹੁ ਚਰਨਨ ਧੂਰਾ।


www.AKJ.Org

# ਅੰਮ੍ਰਿਤ ਵੇਲਾ

[ ਲੜੀ ਜੋੜਨ ਲਈ ਵੇਖੋ ਮਾਰਚ ਦਾ ਪਰਚਾ—ਕਿਸ਼ਤ ਨੰ: ੫ ]

( ਵਲੋਂ—ਡਾ: ਤੇਜਇੰਦਰ ਸਿੰਘ ਜੀ ਭੂਪਾਲ )

## ਸਤਿਸੰਗ ਦਾ ਪ੍ਰਯੋਜਨ : ਵੱਧ ਤੋਂ ਵੱਧ ਜਨਤਾ ਦਾ ਲਾਭ ?

ਕਈ ਇਕ ਸਭਾ ਸੁਸਾਇਟੀਆਂ ਦਾ ਇਹ ਕਥਨ ਹੈ ਕਿ ਗੁਰ-ਦਵਾਰੇ ਦੇ ਕੀਰਤਨ ਤੇ ਸੰਗਤ ਦੇ ਜੁੜਨ ਦਾ ਇਹੋ ਮਤਲਬ ਹੈ ਕਿ ਵਧ ਤੋਂ ਵਧ ਲਾਭ ਉਠਾਇਆ ਜਾਵੇ । ਹਜ਼ਾਰਾਂ ਲੱਖਾਂ ਰੁਪਏ ਖਰਚ ਕੇ ਗੁਰਦਵਾਰੇ ਦੀ ਇਮਾਰਤ ਸਾਰੀ ਸੰਗਤ ਨੇ ਰਲਕੇ ਬਣਾਈ,ਸੈਂਕੜੇ ਰੁਪਏ ਮਹੀਨਾ ਖਰਚ ਕੇ ਰਾਗੀ ਸਿੰਘ ਪਰਚਾਰਕ ਤੇ ਉਪਦੇਸ਼ਕ ਰਖੇ । ਇਤਨੀ ਮਾਇਆ (ਰਾਸ) ਤੋਂ ਚਲਤ ਹਿਸਾਬ ਵਿਚੋਂ ਖਰਚ ਕਰ, ਤੇ ਹੋਰ ਮਿਹਨਤਾਂ ਕਰਕੇ ਅੰਤ ਲਾਭ ਹੀ ਕੀ ਹੋਇਆ ਜੇ ਵੱਧ ਤੋਂ ਵਧ ਜੀਵਾਂ ਨੇ ਲਾਭ ਨਾ ਉਠਾਇਆ । ਸੋ ਇਸ ਲਈ ਸਿਰਫ ਅੰਮ੍ਰਿਤ ਵੇਲਾ ਹੀ ਨਹੀਂ ਤੱਕਣਾ ਚਾਹੀਦਾ ਸਾਰੀ ਸੰਗਤ ਦਾ ਰੁਝਾਨ, ਸਹੂਲਤ, ਵੱਡੇ ਵੱਡੇ ਸ਼ਹਿਰਾਂ ਵਿਚ ਦੂਰ ਦੂਰ ਘਰ ਹੋਣ ਦੀਆਂ ਮੁਸ਼ਕਲਾਂ, ਅਜ ਕਲ ਦੇ ਸਮੇਂ ਦੇ ਕਾਰੋ ਬਾਰ (ਜੋ ਦੇਰ ਰਾਤ ਤੀਕ ਚਲਦੇ ਹਨ) ਦੀਆਂ ਮੁਸ਼ਕਲਾਂ ਆਦਿ ਨੂੰ ਤੱਕ ਕੇ ਇਹ ਦੇਖਣਾ ਚਾਹੀਦਾ ਹੈ ਕਿ ਵਧ ਤੋਂ ਵਧ ਸੰਗਤ ਕਿਸ ਵੇਲੇ ਜੁੜ ਸਕਦੀ ਹੈ ਤੇ ਉਸੇ ਵੇਲੇ ਕੀਰਤਨ ਚਾਹੀਦਾ ਹੈ । ਅੰਮ੍ਰਿਤ ਵੇਲਾ (ਸਿਧਾਂਤਕ ਰੂਪ ਤੋਂ) ਤਾਂ ਠੀਕ ਹੈ ਪਰ Practical life (ਅਮਲੀ ਜੀਵਨ) ਵਿਚ ਉਸ ਦਾ ਕੀਹ ਲਾਭ ਹੋਇਆ ਜੇ ਸੁਨਣ ਵਾਲਿਆਂ ਦੀ ਹਾਜ਼ਰੀ ਬਹੁਤ ਥੋੜੀ ਹੋਈ । ਸਮੇਂ ਨੂੰ ਰਤਾ ਅਗੇ ਪਿਛ ਕਰਕੇ (੧) ਲਾਭ ਵਧੇਰਾ ਹੋਵੇਗਾ (੨)ਸਾਰੀ ਸੰਗਤ ਐਸੇ ਪਰਬੰਧ ਤੋਂ ਖੁਸ਼ ਹੋਵੇਗੀ (੩) ਕੋਈ ਸ਼ਿਕਾਇਤ ਦਾ ਮੌਕਾ ਨਹੀਂ ਬਣੇਗਾ । ਉਪਰ ਲਿਖੇ ਭਾਵ ਭਾਵੇਂ ਕਈਆਂ ਨੂੰ ਕਿਤਨੇ ਹੀ ਮਨ ਭਾਉਣੇ ਲਗਣ, ਹਨ ਮੂਲੋਂ ਗਲਤ । ਇਸ ਦਾ ਬਹੁਤ ਸਾਰਾ ਉਤਰ ਤਾਂ ਉਪਰ ਆ ਚੁਕਾ ਹੈ ਜਿਥੇ ਕਿ ਲੰਡਨ ਦੇ ਗੁਰਦਵਾਰੇ ਬਾਰੇ ਲਿਖਿਆ ਹੈ ਤੇ ਵਧੇਰੇ ਵਿਚਾਰ ਹੇਠ ਦਿਤਾ ਹੈ—

## ਅਸੂਲ ਰੱਬ ਰਹਿਣੀ ਦਾ ਸਭ ਤੋਂ ਉਪਰ ਹੈ

ਪਹਿਲੀ ਗਲ ਇਹ ਕਿ ਅਸੂਲ ਕਦੇ ਵੀ convenience (ਸਹੂਲਤ) ਤੋਂ ਕੁਰਬਾਨ ਨਹੀਂ ਹੋ ਸਕਦੇ । ਹਮੇਸ਼ਾਂ ਆਪਣੀਆਂ ਸਹੂਲਤਾਂ ਅਸੂਲ ਲਈ ਕੁਰਬਾਨ ਕਰਨੀਆਂ ਪੈਂਦੀਆਂ ਹਨ । ਪਰ ਇਥੇ ਤਾਂ ਰਸੂਲ ਦੇ ਅਸੂਲ ਹਨ । ਇਹ ਉਹ ਅਸੂਲ ਹਨ ਜੋ ਗੁਰੂ ਜੀ (ਗੁਰੂ ਪਰਮੇਸ਼ਰ ਏਕੋ ਜਾਣੁ) ਦੀ ਰਹਿਣੀ ਬਹਿਣੀ (ਜੋ ਉਨ੍ਹਾਂ ਰੱਬੀ ਜ਼ਿੰਦਗੀ ਬਿਤਾਉਂਦਿਆਂ ਵਰਤਕੇ ਦਰਸਾਈ) ਤੋਂ



www.AKJ.org

ਲਏ ਗਏ ਹਨ ਇਹ ਹਨ ਉਹ ਅਸੂਲ ਜੋ ਅਗੰਮਤਾ ਵਿਚ ਅੱਪੜਨ ਲਈ ਹਨ ਤੇ ਜਿਨ੍ਹਾਂ ਨੂੰ ਅਗੰਮੀ ਨੂਰ ਹੀ ਦੇਖ ਸਕਦੇ ਸਨ। ਦੁਨਿਆਵੀ ਅੱਖਾਂ ਸੀਮਾ ਬੱਧ ਹਨ। ਸਾਡਾ ਖੂਹ ਦੇ ਡੱਡੂ ਵਾਲਾ ਹਾਲ ਹੈ ਸੋ ਜਿੰਨੀ ਕੁ ਸਾਡੀ ਨਜ਼ਰ ਹੈ ਉਨਹਾਂ ਕੁ ਹੀ ਅਸੀਂ ਤੱਕਣਾਂ ਹੈ। ਇਸੇ ਲਈ ਗੁਰੂ ਜੀ ਨੇ ਗਾਡੀ ਰਾਹ ਚਲਾਇਆ ਹੈ ਬਈ ਜੇ ਉਹ ਅਖਾਂ ਸਾਡੇ ਪਾਸ ਨਹੀਂ ਤਾਂ ਅੰਧਲੇ ਟੇਕ ਲੈ ਕੇ ਤਾਂ ਤੁਰ ਸਕਣ। ਨਾਂ ਕਿ ਅੰਧਲੇ ਆਪਣੇ ਆਪ ਨੂੰ ਸੁਜਾਖੇ ਮੰਨਣ ਤੇ ਅਗੰਮ ਦੀ ਜਾਨਣ ਵਾਲੇ ਗੁਰੂ ਦੇ ਦੱਸੇ ਰਾਹ ਨੂੰ ਕੁਰਾਹ ਮੰਨਣ। ਬੁਨਿਆਦੀ ਅਸੂਲ ਗੁਰੂ ਸਾਹਿਬ ਦੇ ਆਪਣੇ ਹਨ। ਉਨ੍ਹਾਂ ਤੇ ਤੁਰ ਕੇ ਸਿਖ ਨੇ ਗੁਰੂ ਜੀ ਦੀ ਪ੍ਰਸੰਨਤਾ ਲੈਣ ਦਾ ਯਤਨ ਕਰਨਾ ਹੈ। ਗੁਰੂ ਜੀ ਦੇ ਆਪਣੇ ਅਸੂਲਾਂ ਨੂੰ ਬਦਲ ਕੇ ਸਿਖ ਗੁਰੂ ਜੀ ਦੀ ਪ੍ਰਸੰਨਤਾ ਕਦਾਚਿਤ ਨਹੀਂ ਲੈ ਸਕਦਾ। ਸਿੱਖੀ ਪ੍ਰੇਮ ਦਾ ਮਾਰਗ ਹੈ। ਪ੍ਰੇਮ ਦੇ ਮਾਰਗ ਵਿਚ ਕੁਰਬਾਨੀ ਹੈ ਨਾ ਕਿ ਮਾਰਗ ਹੀ ਆਪਣੇ ਵਾਸਤੇ ਕੁਰਬਾਨ ਕਰ ਦਿੱਤਾ ਜਾਵੇ। ਪ੍ਰੇਮ ਵਿਚ ਚੂੰ ਚਰਾਂ (ਤਰਕ ਕੁਤਰਕ) ਨਹੀਂ ਚਲਦੀ। ਇਥੇ ਤਾਂ ਹੁਕਮ ਤੇ ਰਜ਼ਾ ਨੂੰ ਤਕਣਾ ਤੇ ਸਿਰ ਮੱਥੇ ਮੰਨਣਾ ਹੈ। ਜਦੋਂ ਗੁਰੂ ਸਾਹਿਬ ਨੇ ਸਿਰ ਮੰਗਿਆ (ਬਿਨਾ ਕਿਸੇ ਲੋੜ ਜਾਂ ਕਾਰਨ ਦੇ) ਤਦ ਸਿੱਖਾਂ ਨੇ ਸਿਰ ਧੜਾ ਧੜ ਪੇਸ਼ ਕਰ ਦਿਤੇ ਕਿਉਂ ? ਕਿਸੇ ਦਾ ਹੁਕਮ ਸੀ ? ਨਹੀਂ ਸਿਖ, ਸਿਰਫ ਗੁਰੂ ਜੀ ਦੀ ਪ੍ਰਸੰਨਤਾ ਲੋੜਦੇ ਸਨ। ਸਿਖ ਗੁਰੂ ਜੀ ਦੀ ਰਜ਼ਾ ਲੱਭਦੇ ਸਨ। ਉਸੇ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਖੁਸ਼ੀ ਸੀ, ਸੁਖ ਸੀ, ਜੀਵਨ ਮਨੋਰਥ ਸੀ ਤੇ ਇਹੋ ਸੁਰਗ ਸੀ। ਸਾਡੀ ਅਜੇ ਸਿਰ ਦੇਣ ਦੀ ਵਾਰੀ ਨਹੀਂ ਆਈ, ਸਾਥੋਂ ਤਾਂ ਅਜੇ ਅੰਮ੍ਰਿਤ ਵੇਲਾ ਹੀ ਮੰਗਿਆ ਹੈ। ਉਹ ਦੇਣੋਂ ਵੀ ਅਸੀਂ ਕਤਰਾਉਂਦੇ ਹਾਂ। ਗੁਰੂ ਕੇ ਸਿਖੋ ! ਸੋਚੋ ਕਿ ਸਾਡੇ ਵਿਚ ਸਿਖੀ ਕਿਤਨੀ ਕੁ ਰਹਿ ਗਈ ਹੈ।

## ਸਿਖ ਗੁਰ ਸਭਾ ਵਿਚ ਜਾ ਕੇ ਜੁੜਦਾ ਹੈ

ਦੂਸਰੀ ਗਲ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਵਿਚ ਇਹ ਕਿਧਰੇ ਨਹੀਂ ਆਇਆ ਕਿ ਜਦੋਂ ਸੰਗਤ ਬਹੁਤੀ ਜੁੜੀ ਹੋਵੇ ਤਦੋਂ ਹੀ ਕੀਰਤਨ ਹੋਵੇ ਜਾਂ ਸਤਿਸੰਗ ਹੋਵੇ। ਇਸ ਤੋਂ ਉਲਟ ਖਿਆਲ ਜ਼ਰੂਰ ਆਏ ਹਨ। ਕੀਰਤਨ ਦਾ ਵੇਲਾ ਨਿਯਤ ਹੈ : ਅੰਮ੍ਰਿਤ ਵੇਲਾ। ਹਾਂ, ਉਸ ਵੇਲੇ ਜੋ ਪੁੱਜ ਗਿਆ, ਸਿਰਫ ਉਹੋ ਹੀ ਧੰਨਤਾ ਯੋਗ ਹੈ। ਜਿਵੇਂ ਕਿ ਭਾਈ ਗੁਰਦਾਸ ਜੀ ਲਿਖਦੇ ਹਨ :—

ਕੁਰਬਾਣੀ ਤਿਨਾ ਗੁਰ ਸਿਖਾਂ ਪਿਛਲ ਰਾਤੀ ਉਠ ਬਹੰਦੇ। ਕੁਰਬਾਣੀ ਤਿਨਾ ਗੁਰਸਿਖਾਂ ਅੰਮ੍ਰਿਤ ਵੇਲੇ ਸਰ ਨ੍ਹਾਵੰਦੇ। ਕੁਰਬਾਣੀ ਤਿਨਾਂ ਗੁਰਸਿਖਾਂ ਹੋਇ ਇਕ ਮਨ ਗੁਰ ਜਾਪ ਜਪੰਦੇ। ਕੁਰਬਾਣੀ ਤਿਨਾ ਗੁਰ ਸਿਖਾਂ ਸਾਧ ਸੰਗਤ ਚਲਿ ਜਾਇ ਜੁੜੰਦੇ। ਵਾਰ ੧੨-੨

ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰਿ ਨ੍ਹਾਵੰਦਾ। ਗੁਰ ਕੈ ਬਚਨ ਉਚਾਰਿਕੈ ਧਰਮਸਾਲ ਦੀ ਸੁਰਤ ਕਰੇਂਦਾ। ਸਾਧ ਸੰਗਤ ਵਿਚਿ ਜਾਇਕੈ ਗੁਰਬਾਣੀ ਦੇਇ ਪ੍ਰੀਤਿ ਸੁਣੰਦਾ।

ਵਾਰ ੪੦-੧੧

ਅੰਮ੍ਰਿਤ ਵੇਲੇ ਉਠ ਕੈ ਜਾਇ ਅੰਦਰ ਦਰਿਯਾਇ ਨ੍ਹਾਵੰਦੇ। ਸਹਜਿ ਸਮਾਧਿ ਅਗਾਧਿ ਵਿਚ ਇਕ ਮਨ ਹੋਇ ਗੁਰ ਜਾਪ ਜਪੰਦੇ। ਮਥੈ ਟਿਕੇ ਲਾਲ ਲਾਇ ਸਾਧ ਸੰਗਤ ਚਲਿ ਜਾਇ


www.AKJ.org

ਬਹੰਦੇ। ਸਬਦ ਸੁਰਤਿ ਲਿਵਲੀਣੁ ਹੋਇ ਸਤਿਗੁਰ ਬਾਣੀ ਗਾਇ ਸੁਣੰਦੇ। ਵਾਰ ੬-੩

ਪਿਛਲ ਰਾਤੀ ਜਾਗਣਾ ਨਾਮ ਦਾਨ ਇਸਨਾਨੁ ਦ੍ਰਿੜਾਏ॥ ਸਾਧ ਸੰਗਤਿ ਮਿਲਿ ਗਾਂਵਦੇ ਰਾਤਿ ਦਿਹੈ ਨਿਤ ਚਲਿ ਚਲਿ ਜਾਏ॥ ਵਾਰ ੨੮-੧੫

ਸੋ ਅੰਮ੍ਰਿਤ ਵੇਲੇ ਦਾ ਸਤਿਸੰਗ ਨਿਸਚਿਤ ਹੈ, ਅਬੱਦਲ ਹੈ, ਪੱਕਾ ਹੈ, ਹਮੇਸ਼ਾਂ ਵਾਸਤੇ ਹੈ: ਕੋਈ ਖਿਆਲ, ਕੋਈ ਰੁਕਾਵਟ, ਕੋਈ ਬਹਿਸ ਇਸ ਨੂੰ ਨਹੀਂ ਬਦਲ ਸਕਦੀ। ਜੋ ਸਿਖ ਉਸ ਸਮੇਂ ਪੁੱਜ ਕੇ, ਸੰਗਤ ਵਿਚ ਰਲ ਕੇ ਸੰਗਤ ਰੂਪ ਹੋ ਜਾਵ ਉਹੋ ਧੰਨਤਾ ਯੋਗ ਹੈ।

## ਜਾਲਉ ਐਸੀ ਰੀਤਿ

ਜੇ ਕੋਈ ਮਜਬੂਰੀਆਂ ਸਾਡੀ ਰਹਿਣੀ ਬਹਿਣੀ ਕਰਕੇ, ਅਜ ਕਲ ਦੀ ਸਭਿਅਤਾ ਕਰਕੇ, ਅਜ ਕਲ ਦੇ ਰਿਵਾਜ ਤੇ ਕਾਰੋਬਾਰ ਤੇ ਵਪਾਰ ਦੇ ਤਰੀਕੇ ਤੇ ਰੁਝੇਵਿਆਂ ਕਾਰਨ, ਸਾਨੂੰ ਅੰਮ੍ਰਿਤ ਵੇਲੇ ਤੋਂ ਰੁਕਾਵਟ ਪੈਂਦੀ ਹੈ ਤਾਂ ਉਸ ਲਈ ਸਾਫ ਹੁਕਮ ਹੈ—

ਜਾਲਉ ਐਸੀ ਰੀਤਿ, ਜਿਤੁ ਮੈ ਪਿਆਰਾ ਵੀਸਰੈ॥
ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ॥ (ਵਡਹੰਸ ਵਾਰ ਮ:੧-੧੦)

ਸੋ ਐਸੇ ਤਰੀਕੇ ਐਸੀ ਰੁਕਾਵਟ ਨੂੰ ਸਾੜ ਦੇਣਾ ਹੀ ਠੀਕ ਹੈ। ਨਿਸ਼ਾਨਾ ਇਕੋ ਹੀ ਰੱਖਣਾ ਹੈ ਕਿ ਜਿਵੇਂ ਕਿਵੇਂ ਪਤੀ ਪਰਮੇਸ਼ਰ ਨਾਲ "ਪਤਿ ਰਹੈ"। ਘਰ ਦੀ ਦੂਰੀ ਤੇ ਰਸਤੇ ਦੇ ਸਭ ਕਿਸਮ ਚਿੱਕੜ ਅਤੇ ਕਠਨਾਈਆਂ ਰੁਕਾਵਟਾਂ ਨਾ ਬਨਣ ਦੇਵੇ।

ਫਰੀਦਾ ਗਲੀਏ ਚਿਕੜੁ ਦੂਰਿ ਘਰੁ,
ਨਾਲ ਪਿਆਰੇ ਨੇਹੁ॥
ਚਲਾ ਤ ਭਿਜੈ ਕੰਬਲੀ
ਰਹਾਂ ਤ ਤੂਟੈ ਨੇਹੁ॥ ੨੪॥
ਭਿਜਉ ਸਿਜਉ ਕੰਬਲੀ,
ਅਲਹ ਵਰਸਉ ਮੇਹੁ॥
ਜਾਇ ਮਿਲਾ ਤਿਨ੍ਹਾ ਸਜਣਾ,
ਤੁਟਉ ਨਾਹੀ ਨੇਹੁ॥ ੨੫॥

ਭਗਤ ਨਾਮਦੇਵ ਜੀ ਨੇ ਕੀ ਸੋਹਣਾ ਆਖਿਆ ਹੈ—

ਬੇਢੀ ਪ੍ਰੀਤਿ ਮਜੂਰੀ ਮਾਂਗੈ,
ਜਉ ਕੋਊ ਛਾਨਿ ਛਵਾਵੈ ਹੋ॥
ਲੋਗ ਕੁਟੰਬ ਸਭਹੂ ਤੇ ਤੋਰੈ,
ਤਉ ਆਪਨ ਬੇਢੀ ਆਵੈ ਹੋ॥ ੨॥

## ਇਤਿਹਾਸਕ ਦ੍ਰਿਸ਼ਟਾਂਤ

ਅਨੰਦਪੁਰ ਦੇ ਕਿਲੇ ਤੋਂ ਗੁਰੂ ਸਾਹਿਬ ਬਾਹਰ ਆ ਗਏ। ਦੁਸ਼ਮਣ ਨੂੰ ਇਸ ਗੱਲ ਦਾ ਪਤਾ ਲਗ ਗਿਆ। ਦਸ ਹਜ਼ਾਰ ਦੀ ਫੌਜ, ਗੁਰੂ ਸਾਹਿਬਾਨ ਨੂੰ (ਜੋ ਸਿਰਫ ਮੁਠੀ ਭਰ ਸਿਘਾਂ ਨਾਲ ਸਨ) ਫੜਨ ਲਈ ਮਗਰ ਲਗ ਤੁਰੀ। ਥੋੜਾ ਕੁ ਰਾਤ ਦਾ ਸਮਾਂ ਬੀਤ ਗਿਆ। ਤੁਰਦੇ ਤੁਰਦੇ ਇਕ ਸਿਘ ਨੇ ਆਖਿਆ ਕਿ ਮਹਾਰਾਜ ਤਰੈ ਪਹਿਰਾ ਵੱਜ ਗਿਆ ਹੈ। ਅੰਮ੍ਰਿਤ ਦੀ ਵਰਖਾ ਵਰਸਣੀ ਸ਼ੁਰੂ ਹੋ ਗਈ।

ਉਸ ਵੇਲੇ ਦੁਸ਼ਮਣ ਦੇ ਤੀਰ ਤੇ ਗੋਲੀਆਂ ਅੰਮ੍ਰਿਤ ਵੇਲੇ ਦਾ ਸਤਿਸੰਗ ਨਾ ਭੁਲਾ ਸਕੀਆਂ। ਪਰ ਅਜ ਕਲ ਦੇ ਰਜਾਈ ਦੇ ਨਿਘ ਨੇ ਸਭ ਕੁਝ ਭੁਲਾ ਦਿਤਾ ਹੈ।

www.AKJ.Org

# ਕੀਰਤਨ ਗੁਰੂ ਜੀ ਨੂੰ ਸੁਣਾਇਆ ਜਾਂਦਾ ਹੈ

ਤੀਸਰੀ ਗਲ ਇਹ ਹੈ ਕਿ ਕੀਰਤਨ ਗੁਰਦੁਆਰੇ ਵਿਚ, ਧਰਮਸਾਲਾ ਵਿਚ ਜਾਂ ਬਾਹਰ ਜਿਥੇ ਕਿਥੇ ਵੀ ਹੈ ਆਪਣੇ ਇਸ਼ਟ ਨੂੰ ਸੁਣਾਈਦਾ ਹੈ। ਕੀਰਤਨ ਹੈ ਭਗਤੀ ਜਾਂ ਪੂਜਾ, ਜੋ ਕਿ ਸਿੱਖ ਨੇ ਆਪਣੇ ਇਸ਼ਟ ਦੀ ਕਰਨੀ ਹੈ।

ਗੁਰੁ ਪਰਮੇਸੁਰੁ ਪੂਜੀਐ ਮਨਿ ਤਨਿ ਲਾਇ ਪਿਆਰੁ॥
(ਸਿਰੀ ਰਾਗ ਮ: ੫-੯੯

ਤੇ ਉਹ ਪੂਜਾ ਹੀ ਕੀ ਹੋਈ ਜਦ ਅਰਾਧਨਾ ਦੇ ਸਮੇਂ ਧਿਆਨ ਆਪਣੇ ਇਸ਼ਟ ਦੇ ਚਰਨਾਂ ਵਿਚ ਹੀ ਨਾ ਖੁਭਿਆ ਰਹਿਆ, ਤੇ ਇਹ ਹੋਣਾ ਬਿਲਕੁਲ ਅਸੰਭਵ ਹੈ ਜੇ ਕੀਰਤਨ ਪੂਰਨ ਧਿਆਨ ਵਿਚ, ਗੁਰੂ ਸਾਹਿਬ ਜੀ ਨੂੰ ਨਹੀਂ ਸੁਣਾਇਆ ਜਾ ਰਿਹਾ। ਧਿਆਨ ਦਾ ਆਦਰਸ਼ ਇਹ ਹੈ ਕਿ ਧਯਾਤਾ ਨੂੰ ਧਜੇਯ (ਜਿਸ ਦਾ ਧਿਆਨ ਰਖਿਆ ਜਾਏ) ਤੋਂ ਨਿਖੜਕੇ ਹੋਰ ਕੁਝ ਅੰਤਰ ਆਤਮੇ ਨਜ਼ਰ ਹੀ ਨਾ ਆਵੇ। ਜ਼ਰੂਰੀ ਹੈ ਕਿ ਰੱਬੀ ਕੀਰਤਨੀਆ ਇਕੋ ਵਾਹਿਗੁਰੂ ਵਿਚ ਧੁਨੀ ਲਾਵੇ, ਇਕ ਉਸੇ ਦਾ ਰਾਗ ਅਲਾਪੇ, ਇਕ ਵਾਹਿਗੁਰੂ ਜੀ ਦੇ ਦੇਸ਼ ਦਾ ਰਹਿਣ ਵਾਲਾ ਹੋਵੇ ਤੇ ਇਕ ਉਸੇ ਨੂੰ, ਜੋ ਸਾਰੇ ਵਿਆਪਕ ਹੈ, ਦਿਖਾਵੇ ਅਥਵਾ ਦਰਸ਼ਨ ਕਰਾਵੇ। ਉਸ ਦੀ ਸੁਰਤ ਭੀ ਇਕ ਵਿਚ ਹੋਵੇ, ਸੇਵਾ ਵੀ ਇਕ ਦੀ ਹੋਵੇ, ਜੋ ਇਕ ਹਰੀ ਗੁਰੂ ਤੋਂ ਜਾਣਿਆ ਜਾਂਦਾ ਹੈ—

ਓਅੰਕਾਰਿ ਏਕ ਧੁਨਿ ਏਕੈ, ਏਕੈ ਰਾਗੁ ਅਲਾਪੈ॥
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ॥
ਏਕਾ ਸੁਰਤਿ ਏਕਾ ਹੀ ਸੇਵਾ, ਏਕੋ ਗੁਰ ਤੇ ਜਾਪੈ॥
[ਰਾਮਕਲੀ ਮ: ੫-੮

ਇਹ ਇਕ ਵਾਹਿਗੁਰੂ ਜੀ ਦੀ ਧੁਨੀ, ਇਕ ਰਾਗ, ਇਕ ਦਾ ਦਰਸ਼ਨ, ਇਕ ਵਿਚ ਸੁਰਤ ਤੇ ਇਕ ਦੀ ਸੇਵਾ, ਸਭ ਗੁਰੂ ਜੀ ਜੋਗ ਹੀ ਅਰਪਣ ਹੋਈ ਹੈ (ਭਾਵ ਉਨ੍ਹਾਂ ਨੂੰ ਹੀ ਸੁਣਾਈ ਜਾਣੀ ਹੈ, ਪਿਆਰ ਤੇ ਅਦਬ ਸਹਿਤ) ਕਿਉਂਕਿ ਉਹ ਇਕ ਵਾਹਿਗੁਰੂ ਜੀ ਦੇ ਰਾਹੀਂ, ਉਨ੍ਹਾਂ ਦੀ ਕਿਰਪਾਲਤਾ ਦੁਆਰਾ ਪ੍ਰਾਪਤ ਹੋਣਾ ਹੈ।

ਗੁਰੂ ਸਾਹਿਬ ਜੀ ਨੇ ਤੱਤ ਗਿਆਨ' ਤੇ ਵਡੇ ਤੋਂ ਵੱਡਾ 'ਧਿਆਨ' ਤੇ ਕੀਰਤਨ ਵਿਚ ਸਭ ਤੋਂ ਉਚੀ 'ਧੁਨੀ ਇਹੋ ਦਸੀ ਹੈ ਕਿ ਆਪਣੇ ਗੁਰੂ ਜੀ ਨਾਲ ਮਿਲਕੇ ਕੀਰਤਨ ਕਰੋ।

ਜੇ ਲੋੜਹਿ ਸਦਾ .ਸੁਖ ਭਾਈ॥
ਸਾਧੂ ਸੰਗਤਿ ਗੁਰਹ ਬਤਾਈ॥
ਊਹਾ ਜਪੀਐ ਕੇਵਲ ਨਾਮ॥
ਸਾਧੂ ਸੰਗਤਿ ਪਾਰਗਰਾਮ॥ ੩॥
ਸਗਲਤਤ ਮਹਿ ਤਤੁ ਗਿਆਨੁ॥
ਸਰਬਿ ਧਿਆਨ ਮਹਿ ਏਕੁ ਧਿਆਨੁ॥
ਹਰਿ ਕੀਰਤਨ ਮਹਿ ਊਤਮ ਧੁਨਾ॥
ਨਾਨਕ ਗੁਰ ਮਿਲਿ ਗਾਇ ਗੁਨਾ॥
[ਬਸੰਤ ਮ:੫-੮

ਇਸੇ ਲਈ ਗੁਰੂ ਜੀ ਨੂੰ ਮਿਲ ਕੇ ਹਰਿ ਹਰਿ ਗਾਉਣ ਵਾਲਿਆਂ ਨੂੰ 'ਰੰਗ ਰਤੇ' ਜਾਂ 'ਗੂੜੇ ਲਾਲ' ਆਦਿ ਸਬਦਾਂ ਨਾਲ ਨਿਵਾਜਿਆ ਗਿਆ ਹੈ।

'ਸੇ ਲਾਲ ਭਏ ਗੂੜੈ ਰੰਗਿ ਰਾਤੇ,
ਜਿਨ ਗੁਰ ਮਿਲਿ ਹਰਿ ਹਰਿ ਗਾਇਆ।''
[ਮਾਰੂ ਮ: ੫-੧੬

ਅਸਲੀਅਤ ਇਹ ਹੈ ਕਿ ਜੇ ਸਾਡੇ ਆਪਣੇ ਧਿਆਨ ਵਿਚ ਗੁਰੂ ਜੀ ਨਹੀਂ ਹਨ ਤਾਂ ਉਹ

www.AKJ.Org

ਸਤਿਸੰਗ ਹੀ ਨਹੀਂ ਹੈ। ਉਹ ਸੰਗਤ ਹੈ ਉਸ ਦੀ ਜਿਥੇ ਧਿਆਨ ਹੈ,ਹਰਿ ਪ੍ਰਾਣੀ ਦਾ ਆਪੋ ਆਪਣਾ। ਸਤਿ ਸੰਗਤਿ ਗੁਰੂ ਜੀ ਦੀ ਕਰੀਦੀ ਹੈ :—

(੧) ਸਤਿਗੁਰ ਬਾਝਹੁ ਸੰਗਤਿ ਨ ਹੋਈ।
[ਮਾਰੂ ਸੋਲਹੇ ਮ. ੩, ੨੪-੧੨

(੨) ਸਤ ਸੰਗਤਿ ਸਤਿਗੁਰ ਧੰਨੁ ਧਨੋ ਧੰਨ ਧੰਨ ਧਨੋ
ਜਿਤਿ ਮਿਲਿ ਹਰਿ ਬੁਲਗ ਬੁਲੋਗੀਆ।
ਸਭਿ ਕਹਹੁ ਮੁਖਹੁ ਹਰਿ ਹਰਿ ਹਰੇ ਹਰਿ ਹਰਿ ਹਰੇ
ਹਰਿ ਬੋਲਤ ਸਭਿ ਪਾਪ ਲਹੋਗੀਆ।
[ਵਾਰ ਕਾਨੜਾ ਮ. ੪-੧

(੩) ਸਤਸੰਗਤ ਉਤਮ ਸਤਿਗੁਰ ਕੇਰੀ, ਗੁਨ
ਗਾਵੈ ਹਰਿ ਪ੍ਰਭ ਕੇ। ਹਰਿ ਕਿਰਪਾ ਧਾਰਿ
ਮੇਲਹੁ ਸਤਸੰਗਤਿ ਹਮ ਧੋਵਹ ਪਗ ਜਨ ਕੇ।
[ਸੂਹੀ ਮਹਲਾ ੪-੧

(੪) ਜਹ ਸਤਿਗੁਰੁ ਤਹ ਸਤਸੰਗਤਿ ਬਣਾਈ।
ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ।
[ਗਉੜੀ ਗੁਆ. ਮ. ੩-੨੮

ਭਾਵ ਜਿਥੇ ਸਤਿਗੁਰੂ ਹਨ ਉਥੇ ਹੀ ਸਤਿ ਸੰਗਤਿ ਬਣਦੀ ਹੈ ਤੇ ਗੁਰ ਕੇ ਸਤਿਸੰਗ ਵਿਚ ਹੀ ਹਰੀ ਦੇ ਗੁਣ ਗਾਇਨ ਹੁੰਦੇ ਹਨ।

ਜਦ ਸਤਿਸੰਗ ਹੀ ਗੁਰੂ ਬਿਨਾਂ ਨਹੀਂ ਹੋ ਸਕਦਾ ਤਦ ਸਪਸ਼ਟ ਹੈ ਕਿ ਭਗਤੀ ਭੀ ਗੁਰੂ ਬਿਨਾਂ ਨਹੀਂ ਹੋ ਸਕਦੀ।

(੧) ਬਿਨੁ ਸਤਿਗੁਰ ਭਗਤਿ ਨ ਹੋਵਈ
ਨਾਮਿ ਨ ਲਗੈ ਪਿਆਰੁ।
[ਵਾਰਾਂ ਤੇ ਵ. ਸਲੋਕ ਮ. ੩-੩੯

(੨) ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ।
[ਵਾਰਾਂ ਤੇ ਵ. ਸਲੋਕ ਮ. ੪-੧੧

(੩) ਭਾਈ ਰੇ ਗੁਰ ਬਿਨੁ ਭਗਤਿ ਨ ਹੋਇ।
ਬਿਨੁ ਗੁਰ ਭਗਤਿ ਨ ਪਾਈਐ ਜੇ ਲੋਚੈ
ਸਭੁ ਕੋਇ। [ਸਿਰੀ ਰਾਗੁ ਮ. ੩-੪੭

(੪) ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ,
ਬਿਨੁ ਗੁਰ ਭਗਤਿ ਨ ਹੋਈ।
[ਸਿਰੀ ਰਾਗ ਮ. ੩-੪੮

(੫) ਮੇਰੇ ਮਨ ਗੁਰਮੁਖਿ ਧਿਆਇ ਹਰਿ ਸੋਇ।
[ਸਿਰੀ ਰਾਗ ਮ. ੩-੪੯
(ਹੇ ਮੇਰੇ ਮਨ ਗੁਰੂ ਦੁਆਰਾ ਉਸ ਹਰੀ ਨੂੰ ਧਿਆਉ)

(੬) ਬਿਨੁ ਗੁਰ ਭਗਤਿ ਨ ਭਾਉ ਹੋਇ।
ਬਿਨੁ ਗੁਰ ਸੰਤ ਨ ਸੰਗੁ ਦੇਇ।
ਬਿਨੁ ਗੁਰ ਅੰਧੁਲੇ ਧੰਧ ਰੋਇ।
ਮਨੁ ਗੁਰਮੁਖਿ ਨਿਰਮਲੁ ਮਲੁ ਸਬਦਿ ਖੋਇ।
[ਬਸੰਤ ਮ. ੧-੬

ਹਰੀ ਦੇ ਨਾਮ ਜਲ ਦੀ ਵਰਖਾ (ਝਿਮ ਝਿਮ ਅੰਮ੍ਰਿਤ ਵਰਸਦਾ) ਹਰ ਥਾਂ ਤੇ ਹਰ ਵਕਤ ਹੋ ਰਹਾ ਹੈ, ਪਰ ਉਹੋ ਜੀਵ ਉਸਨੂੰ ਪ੍ਰਾਪਤ ਕਰ ਕੇ 'ਤਨੁ ਮਨੁ ਥੀਵੈ ਹਰਿਆ' ਹੁੰਦੇ ਹਨ ਜੋ ਗੁਰੂ ਦੇ ਰਾਹੀਂ ਹਰੀ ਵਿਚ ਲੀਨ ਹੁੰਦੇ ਹਨ।

ਇਹੁ ਜਲੁ ਸਭਤੈ ਵਰਸਦਾ ਵਰਸੈ ਭਾਇ ਸੁਭਾਇ।
ਸੇ ਬਿਰਖਾ ਹਰੀਆਵਲੇ ਜੋ ਗੁਰਮੁਖਿ ਰਹੇ ਸਮਾਇ।
ਨਾਨਕ ਨਦਰੀ ਸੁਖੁ ਹੋਇ ਏਨ੍ਹਾਂ ਜੰਤਾ ਕਾ ਦੁਖੁ ਜਾਇ।
(ਵਾਰ ਮਲਾਰ ਮ: ੩-੧੦)

ਇਸ ਲਈ ਜ਼ਰੂਰੀ ਹੈ ਕਿ—

(੧) ਮਿਲਿ ਸਾਧ (ਗੁਰੂ) ਨਿਤ ਭਜਹ ਨਾਰਾਇਣ।
(ਕਾਨੜਾ ਛੰਤ ਮ. ੫-੧)

(੨) ਸਤਿਗੁਰ ਦੀਨ ਦਇਆਲ ਜਿਸੁ ਸੰਗਿ ਹਰਿ
ਗਾਵੀਐ ਜੀਉ। ਅੰਮ੍ਰਿਤ ਹਰਿ ਕਾ ਨਾਮੁ
ਸਾਧ ਸੰਗਿ ਰਾਵੀਐ ਜੀਉ॥
(ਧਨਾਸਰੀ ਛੰਤ ਮ. ੫)

www.AKJ.Org

(੩) ਹਰਿ ਕਾ ਨਾਮੁ ਜਪੀਐ ਸਾਧ ਸੰਗਿ ।
ਹਰਿ ਕੇ ਨਾਮ ਕਾ ਪੂਰਨ ਰੰਗੁ ।
(ਭੈਰਉ ਮ. ੫-੪੯)

(ਹਰੀ ਦਾ ਨਾਮ ਸਾਧ ਸੰਗ ਦੁਆਰਾ ਜਪਣਾ ਚਾਹੀਦਾ ਹੈ ਕਿਉਂਕਿ ਇਉਂ ਜਪਣ ਨਾਲ ਨਾਮ ਦਾ ਪੂਰਾ ਪੂਰਾ ਰੰਗ ਚੜਦਾ ਹੈ । ਨਾਮ ਦਾ ਅਸਰ ਉਂਞ ਭੀ ਚੰਗਾ ਹੁੰਦਾ ਹੈ ਪਰ ਸਾਧ ਸੰਗ ਰਾਹੀਂ ਜਪਣ ਨਾਲ ਪੂਰੇ ਤੌਰ ਤੇ ਸਹਜੇ ਹੀ ਅਸਰ ਕਰਦਾ ਹੈ) ।

'ਸਾਧ ਕੈ ਸੰਗ ਨਹੀਂ ਕਛੁ ਘਾਲ' [ਸੁਖਮਨੀ

(੪) ਮਿਲਿ ਸਤ ਸੰਗਤਿ ਸੰਗਿ ਗੁਰਾਹਾ ।
ਪੂੰਜੀ ਨਾਮੁ ਗੁਰਮੁਖਿ ਵੇਸਾਹਾ ।
[ਜੈਤਸਰੀ ਮ:੪-੧੧

ਸਤਿਸੰਗ ਵਿਚ ਗੁਰੂ ਨਾਲ ਮਿਲਕੇ ਨਾਮ ਰੂਪੀ ਪੂੰਜੀ ਪ੍ਰਾਪਤ ਕਰੋ । ਪਾਠ ਪੂਜਾ ਕੀਰਤਨ ਕਰਕੇ,ਕੀਤੀ ਅਰਾਧਨਾ ਦੀ ਅਰਦਾਸ (ਅਰਪਨਾ) ਕਰੀਦੀ ਹੈ ਜਿਵੇਂ:—'ਆਪ ਦੇ ਹਜ਼ੂਰ ਸੋਦਰ ਰਹਿਰਾਸ ਅਨੰਦ ਮੁੰਦਾਵਣੀ ਜੀ ਕੀ ਅਰਦਾਸ' ਜਾਂ ਆਪ ਦੇ ਹਜ਼ੂਰ 'ਸ਼ਬਦ ਕੀਰਤਨ ਕੀ ਅਰਦਾਸ ਆਦਿ । ਉਹ ਅਰਦਾਸ ਹੀ ਕਾਹਦੀ ਹੋਈ ਜੇ ਪਾਠ ਜਾਂ ਕੀਰਤਨ ਗੁਰੂ ਜੀ ਨੂੰ ਨਹੀਂ ਸੁਣਾਇਆ ਗਿਆ ।

ਦੂਜੇ ਸ਼ਬਦਾਂ ਵਿਚ ਕੀਰਤਨ ਸੰਗਤ ਨੂੰ ਨਹੀਂ ਸੁਣਾਈਦਾ, ਸੰਗਤ ਤਾਂ ਆ ਕੇ ਸੁਣਦੀ ਹੈ। ਗੁਰੂ ਦਾ ਦਰਬਾਰ ਲਗਦਾ ਹੈ। ਢਾਡੀ ਆ ਕੇ ਗੁਣ ਗਾਇਨ ਕਰਦੇ ਹਨ (ਪ੍ਰਭੂ) ਦੇ। ਉਸ ਗੁਰੂ ਪਾਤਸ਼ਾਹ ਦੇ ਦਰਬਾਰ ਵਿਚ ਹਾਜ਼ਰੀ ਭਰਦੇ ਹਨ ਗੁਰੂ ਦੇ ਸਿਖ। ਸਭ ਤੋਂ ਉਚਾ ਬੈਠਾ ਤਖ਼ਤ ਤੇ ਪਾਤਸ਼ਾਹ। ਸੋ ਸਾਰੀ ਮਜਲਸ ਉਸੇ ਦੀ ਹੈ ਗਾਇਣ ਹੋ ਰਿਹਾ ਹੈ ਬਾਣੀ ਦਾ ਤੇ ਸੁਣਾਇਆ ਜਾ ਰਿਹਾ ਹੈ ਗੁਰੂ ਨੂੰ। ਜੇ ਕੋਈ ਸਿਖ ਭੀ ਪੜ੍ਹ ਰਿਹਾ ਹੈ, ਜਿਵੇਂ ਆਸਾ ਦੀ ਵਾਰ ਦਾ ਸਲੋਕ, ਜਾਂ ਰਲਕੇ ਗਾਇਣ ਕਰ ਰਿਹਾ ਹੈ ਤਾਂ ਉਹ ਸਭ ਉਸੇ ਗੁਰੂ ਲਈ ਹੈ ਜੋ ਹੈ ਚੰਦਰਮਾ ਸਾਰੀ ਸਭਾ ਦਾ। ਸਤਿਸੰਗ ਦਾ ਅਰਥ ਹੈ 'ਉਹ ਸੰਗ (ਮੇਲ) ਕਰਨਾ ਜਿਸ ਦਾ ਪ੍ਰਯੋਜਨ ਹੈ ਸ੍ਰੀ (ਸਤਿ) ਸਚ ਜੀ ਦੀ ਪ੍ਰਾਪਤੀ ਲਈ ਉਦਮ' ਤੇ ਇਸੇ ਪ੍ਰਯੋਜਨ ਲਈ ਸਭ ਤੋਂ ਉਚਾ ਤੇ ਸਭ ਤੋਂ ਲਾਭ-ਦਾਇਕ ਸਤਿਸੰਗ ਹੈ ਸਤਿਗੁਰੂ ਜੀ ਦਾ। ਜਦ ਸ੍ਰੀ ਗੁਰੂ ਜੀ ਦਾ ਪਰਕਾਸ਼ ਜਾਂ ਦਰਬਾਰ ਹੈ ਤਾਂ ਹਰ ਕੋਈ ਜਾਵੇਗਾ ਸਤਿਸੰਗ ਕਰਨ, ਗੁਰੂ ਜੀ ਮਹਾਰਾਜ ਦਾ, ਨਾ ਕਿ ਕਿਸੇ ਦਾ। ਕਿਉਂ ਜੋ ਗੁਰੂ ਜੀ ਹਰ ਸਿਖ ਤੋਂ ਬਹੁਤ ਹੀ ਉਚੀ ਪੱਧਰ ਤੇ ਹਨ ਇਸ ਲਈ ਜੋ ਕੁਝ ਵੀ ਉਥੇ ਹੋਵੇਗਾ ਗੁਰੂ ਜੀ ਵਾਸਤੇ ਹੀ ਹੋਵੇਗਾ। ਬਾਕੀ ਜੋ ਵੀ ਉਥੇ ਹੈ ਉਹ ਉਥੋਂ ਦੇ ਪਰੋਗਰਾਮ ਵਿਚ ਸ਼ਾਮਲ ਹੋ ਰਿਹਾ ਹੈ ਤੇ ਹਿੱਸਾ ਲੈ ਰਿਹਾ ਹੈ। ਇਹ ਤਾਂ ਸਿਰਫ ਇਸ ਨੁਕਤੇ ਨੂੰ ਸਪਸ਼ਟ ਕਰਨ ਲਈ ਲਿਖਿਆ ਹੈ। ਨਹੀਂ ਤਾਂ ਸਚਾਈ ਤਾਂ ਇਹ ਹੈ ਕਿ ਇਹ ਸਤਿਸੰਗ ਭੀ ਤਦ ਹੀ ਮਿਲਦਾ ਹੈ ਜੇ ਮੇਹਰ ਹੋਵੇ ।

ਆਪਹੁ ਕਛੂ ਨ ਹੋਇ ਪ੍ਰਭ ਨਦਰਿ ਨਿਹਾਲੀਐ ॥
ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮਸਾਲੀਐ ॥
[ਵਾਰ ਗੂਜਰੀ ਮ: ੫-੩

ਕਈ ਵਾਰ ਦੇਖਣ ਵਿਚ ਆਇਆ ਹੈ ਕਿ ਕੀਰਤਨੀ ਜਥੇ ਦੀ ਸਟੇਜ ਦਾ ਮੂੰਹ ਬਿਲਕੁਲ ਸੰਗਤ ਵਲ ਮੁੜਿਆ ਹੁੰਦਾ ਹੈ ਤੇ ਸਤਿਗੁਰੂ ਜੀ ਵਲ ਅਧ ਪਚਧੀ ਪਿੱਠ ਹੀ ਹੁੰਦੀ ਹੈ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਿਸੇ ਇਕ ਕਮਰੇ ਵਿਚ ਹੈ ਤੇ ਕੀਰਤਨੀਆਂ ਤੇ ਸੰਗਤ ਬਾਹਰ ਖੁਲ੍ਹੀ

www.AKJ.Org

# "ਕੋ ਆਤਮਾ ਸਰੂਪ ਹੈ ਕਹਾ ਸ੍ਰਿਸਟਿ ਕੋ ਬਿਚਾਰ"

(ਵਲੋਂ—ਭਾਈ ਮਹਿੰਦਰ ਸਿੰਘ S.D.O. P.S.E.B. ਹੁਸ਼ਿਆਰਪੁਰ)

ਉਪਰੋਕਤ ਪੰਗਤੀ ਦਸਵੇਂ ਪਾਤਸ਼ਾਹ ਦੀ ਬਾਣੀ ਅਕਾਲ ਉਸਤਤ ਦੇ ਦੋਹਰਾ ਅੰਕ ॥ ੨੦੨੫ ॥ ਵਿਚੋਂ ਹੈ ਅਕਾਲ ਉਸਤਤ ਵਿੱਚ ੨੦੧ ਤੋਂ ੨੧੦ ਤਕ ਦੇ ਦਸ ਦੋਹਰੇ ਪ੍ਰਸ਼ਨੋਤ੍ਰੀ ਹਨ 'ਪ੍ਰਸ਼ਨੋਤ੍ਰੀ' ਕਾਵਿ ਦੇ ਕਟੀ ਰੂਪ ਹਨ। ਇਹ ਦਸ ਦੋਹਰੇ ਪ੍ਰਹੇਲਿੰਕਾਰ ਵਿੱਚ ਗੁਰੂ ਸਾਹਿਬ ਨੇ ਉਚਾਰੇ ਹਨ ਪ੍ਰਹੇਲਿਕਾਲੰਕਾਰ ਦੇ ਦੋ ਭੇਦ ਹਨ, 'ਅਰਥ ਪ੍ਰਹੇਲਿਕਾ' ਤੇ 'ਵਰਨ ਪ੍ਰਹੇਲਕਾ' 'ਵਰਨ ਪ੍ਰਹੇਲਕਾ' ਦੇ ਅਗੇ ਫੇਰ ਦੋ ਭੇਦ ਰਨ: ਅੰਤਰ ਲਾਪਿਕਾ—ਜਿਸ ਦੇ ਪ੍ਰਸ਼ਨ ਦਾ ਉਤਰ ਪ੍ਰਸ਼ਨ ਦੇ ਵਿਚ ਹੀ ਹੋਵੇ।

ਬਾਹਿਰ ਲਾਪਿਕਾ-ਜਿਸ ਦੇ ਪ੍ਰਸ਼ਨ ਦਾ ਉਤਰ ਬਾਹਰ ਤੋਂ ਦਿਤਾ ਜਾਂਦਾ ਹੈ ਪਰ ਉਤਰ ਦ ਇਸ਼ਾਰਾ ਪ੍ਰਸ਼ਨ ਵਿਚੋਂ ਹੀ ਮਿਲਦਾ ਹੈ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸੇ ਪ੍ਰਕਾਰ ਦਾ ਸ਼ਬਦ ਕਬੀਰ ਸਾਹਿਬ ਦਾ ਗਉੜੀ ਰਾਗ ਵਿੱਚ ਇਸ ਤਰ੍ਹਾਂ ਹੈ:—

ਝਗਰਾ ਏਕੁ ਨਿਬੇਰਹੁ ਰਾਮ...
ਜਉ ਤੁਮ ਅਪਨੇ ਜਨ ਸੋ ਕਾਮ ।੧। ਰਹਾਉ ।
ਇਹੁ ਮਨ ਵਡਾ ਕਿ ਜਾ ਸਉ ਮਨ ਮਾਨਿਆ,
ਰਾਮ ਵਡਾ ਕੇ ਰਾਮਹਿ ਜਾਨਿਆ।
ਬ੍ਰਹਮਾ ਵਡਾ ਕਿ ਜਾਸੁ ਉਪਾਇਆ,

---

* ਥਾਵੇਂ ਬੈਠੀ ਹੈ ਤੇ ਕੀਰਤਨ ਸੰਗਤ ਨੂੰ ( ਤੇ ਗੁਰੂ ਜੀ ਨੂੰ ਨਹੀਂ ਸੁਣਾਇਆ ਜਾ ਰਿਹਾ ਹੈ, ਤਾਂ ਮੇਰੇ ਖਿਆਲ ਵਿਚ ਇਹ ਅਵੱਗਿਆ ਹੈ। ਸਾਨੂੰ ਕਦੇ ਭੁਲ ਨਹੀਂ ਜਾਣਾ ਚਾਹੀਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਜੀਲ, ਵੇਦ, ਸ਼ਾਸਤਰ ਆਦਿ ਵਾਙੂ ਧਰਮ ਪੁਸਤਕ ਨਹੀਂ ਹਨ। ਆਪ ਤਾਂ ਦਸਾਂ ਗੁਰਾਂ ਦੀ ਜਾਗਤ ਜੋਤਿ ਹਨ, ਜੁਗੋ ਜੁਗ ਅਟੱਲ ਗੁਰੂ ਹਨ। ਇਹ ਗੁਰੂ ਸਾਹਿਬ ਦਾ ਦੀਵਾਨ ਲਗਦਾ ਹੈ, ਕਚਹਿਰੀ ਲਗਦੀ ਹੈ, ਦਰਬਾਰ ਲਗਦਾ ਹੈ ਉਥੇ ਗੁਰੂ ਮਹਾਰਾਜ ਦੀ ਸਭਾ ਵਿਚ ਆ ਕੇ ਜੁੜਦੇ ਹਨ ਗੁਰੂ ਕੇ ਸਿਖ:—

ਬਲਿਹਾਰੀ ਤਿਨਾਂ ਗੁਰ ਸਿਖਾਂ ਜਾਇ,
ਜਿਨ੍ਹਾਂ ਗੁਰ ਦਰਸਨੁ ਡਿਠਾ।
ਬਲਿਹਾਰੀ ਤਿਨਾ ਗੁਰ ਸਿਖਾਂ
ਪੈਰੀ ਪੈ ਗੁਰ ਸਭਾ ਬਹਿਠਾ।
[ਵਾਰ ੧੨-

ਕੁਰਬਾਨੀ ਤਿਨਾ ਗੁਰ ਸਿਖਾ
ਸਾਧ ਸੰਗਤਿ ਚਲਿ ਜਾਇ ਜੁੜੰਦੇ।
[ਵਾਰ ੧੨-

ਸੋ ਕੀਰਤਨ ਸੁਣਾਉਣਾ ਹੈ ਤਾਂ ਗੁਰੂ ਸਾਹਿ ਜੀ ਨੂੰ ਤੇ ਸਿਖ ਨੇ ਪੁਜ ਕੇ ਹਾਜ਼ਰੀ ਭਰਨੀ ਗੁਰੂ ਦਰਬਾਰ ਵਿਚ, ਸਰੋਤਾ ਤੇ ਸੇਵਕ ਬਣ (ਜਾਂ ਕੀਰਤਨੀਆਂ ਤੇ ਰਾਗੀ ਬਣ ਕੇ ਅਡੋਲ ਬ ਕੇ, ਬ੍ਰਿਤੀ ਜੋੜਕੇ। (ਚਲਦ


www.AKJ.Org

ਬੇਦ ਬਡਾ ਕਿ ਜਹਾਂ ਤੇ ਆਇਆ । ੨ ।
ਕਹਿ ਕਬੀਰ ਹਉ ਭਇਆ ਉਦਾਸ ।
ਤੀਰਥ ਬਡਾ ਕਿ ਹਰਿ ਕਾ ਦਾਸੁ । ੩ । ੪੨

ਇਸ ਸ਼ਬਦ ਵਿਚ ਆਏ ਪ੍ਰਸ਼ਨਾਂ ਦਾ ਉਤਰ ਵਿਚੇ ਹੀ ਪ੍ਰਸ਼ਨਾਂ ਵਿੱਚ ਦਿਤਾ ਹੋਇਆ ਹੈ ।

ਅਕਾਲ ਉਸਤਤ ਵਿਚ ਆਏ ਇਹਨਾਂ ਦਸਾਂ ਦੋਹਰਿਆਂ ਦੇ ਅਰੰਭ ਦੇ ਦੋ ਦੋਹਿਰੇ ਇਸਤਰ੍ਹਾਂ ਹਨ:—

ਏਕ ਸਮੇ ਸ੍ਰੀ ਆਤਮਾ ਉਚਰਿਓ ਮਤ ਸੋ ਬੈਨ ।
ਸਭ ਪ੍ਰਤਾਪ ਜਗਦੀਸ ਕੋ ਕਹੋ ਸਕਲ ਬਿਧ ਤੈਨ ।
। ੨੦੧ ।

ਭਾਵ:—ਇਕ ਵੇਰ (ਸਮੇਂ) ਸ੍ਰੀ ਆਤਮਾ ਨੇ ਬੁਧੀ ਨੂੰ ਬਚਨ (ਗਲ) ਕਹੀ ਕਿ ਸਾਰੇ ਜਗਤ ਦਾ ਜੋ ਮਾਲਕ (ਅਕਾਲਪੁਰਖ-ਪ੍ਰਮਾਤਮਾ) ਹੈ ਉਸ ਦਾ ਸਾਰਾ (ਪ੍ਰਤਾਪ) ਵੇਰਵਾ ਦੱਸ । ਬੁਧੀ ਨੇ ਉਤਰ ਦਿਤਾ ਕਿ ਤੂਹੀ (ਆਤਮਾ) ਸਭ ਤਰ੍ਹਾਂ ਨਾਲ ਉਸਦਾ ਪ੍ਰਤਾਪ ਹੈ ।

ਕੋ ਆਤਮਾ ਸਰੂਪ ਹੈ ਕਹਾਂ ਸ੍ਰਿਸਟਿ ਕੋ ਵਿਚਾਰ ।
ਕੌਨ ਧਰਮ, ਕੋ ਕਰਮ ਹੈ ਕਹੋ ਸਕਲ ਵਿਸਥਾਰ ।
। ੨੦੨ ।

ਇਸ ਵਿਚ ਪੰਜ ਪ੍ਰਸ਼ਨ ਹਨ, ਆਤਮਾ ਦਾ ਸਰੂਪ ਕੀ ਹੈ, ਸ੍ਰਿਸ਼ਟੀ ਕੀ ਹੈ, ਵਿਚਾਰ ਕੀ ਹੈ, ਧਰਮ ਕੇਹੜਾ ਹੈ, ਤੇ ਕਰਮ ਕੇਹੜਾ ਹੈ ? ਇਨ੍ਹਾਂ ਦਾ ਉਤਰ 'ਕਹੋ ਸਕਲ ਵਿਸਥਾਰ' ਭਾਵ ਅਕਾਲ ਪੁਰਖ ਦਾ ਸਰਗੁਣ ਸਰੂਪ ਜਿਸਦਾ ਇਹ ਸਾਰਾ ਪਸਾਰਾ ਹੈ, ਉਹੀ ਇਹ ਆਤਮਾ ਧਰਮ, ਕਰਮ ਆਦਿ ਸਭ ਕੁਝ ਹੈ । ਸਤ ਚਿਤ ਅਨੰਦ, ਅਕਾਲ, ਅਜੂਨੀ, ਸਰਬ ਵਿਆਪਕ ਆਤਮਾ ਦਾ ਸਰੂਪ ਹੈ । ਤਤ ਗਿਆਨ ਹਿਤ ਪ੍ਰਯਤਨ ਧਰਮ ਤੇ ਉਪਕਾਰ ਲਈ ਤਤਪਰ ਰਹਿਣਾ ਕਰਮ ਹੈ । ਕਈ ਵਿਦਵਾਨਾਂ ਦਾ ਖਿਆਲ ਹੈ ਕਿ ਇਹਨਾਂ ਦਸਾਂ ਦੋਹਰਿਆਂ ਦੇ ਉਤਰ ਗਿਆਨ ਪ੍ਰਬੋਧ ਦੇ ੧੨੬ ਅੰਕ ਤੋਂ ਅਰੰਭ ਕਰਦੇ ਹਨ । ਭਾਈ ਕਾਨ੍ਹ ਸਿੰਘ ਜੀ ਨੇ ਆਪਣੇ ਕੋਸ਼ ਵਿਚ ਇਨ੍ਹਾਂ ਦੋਹਰਿਆਂ ਦੇ ਉਤਰ ਆਪਣੇ ਰਚੇ ਦੋਹਰਿਆਂ ਵਿਚ ਬੜੇ ਢੁਕਵੇਂ ਢੰਗ ਨਾਲ ਦਿਤੇ ਹਨ । ਕਈ ਇਹ ਖਿਆਲ ਕਰਦੇ ਹਨ ਕਿ ਦਸ ਪ੍ਰਸ਼ਨੋਤ੍ਰੀ ਦੋਹਰੇ ਗਿਆਨ ਪ੍ਰਬੋਧ ਦਾ ਭਾਗ ਤੇ ਇਸ ਤੋਂ ਅਗਲੇ ੨੦ ਤ੍ਰਿਭੰਗੀ ਛੰਦ ਚੰਡੀ ਚਰਿਤ੍ਰ ਦੂਜੇ ਦੇ ਮੁਢ ਵਿਚ ਹੋਣੇ ਚਾਹੀਦੇ ਸਨ । ਦਸਵੇਂ ਪਾਤਸ਼ਾਹ ਨਿਕਟਵਰਤੀ ਬਾਣੀ ਦੇ ਲਿਖਾਰੀ ਭਾਈ ਮਨੀ ਸਿੰਘ ਜੀ ਸਨ । ਉਨ੍ਹਾਂ ਤੋਂ ਇਹੋ ਜਹੀ ਚੂਕ ਦਾ ਸ਼ੰਕਾ ਕਰਨਾ ਠੀਕ ਨਹੀਂ । ਜਿਉਂ ਜਿਉਂ ਗੁਰੂ ਸਾਹਿਬ ਆਪਣੇ ਪਵਿਤ੍ਰ ਮੁਖਾਰਬੰਦ ਤੋਂ ਬਾਣੀ ਉਚਾਰਦੇ ਗਏ ਉਸੇ ਉਸ ਤਰ੍ਹਾਂ ਹੀ ਭਾਈ ਸਾਹਿਬ ਕਲਮਬੰਦ ਕਰਦੇ ਗਏ । ਜਿਥੇ ਕਿਤੇ ਕਾਫੀਆਂ (metre) ਬਦਲਦਾ ਉਥੇ ਛੰਦ ਦਾ ਅੰਕ ਬਦਲਦੇ ਜਾਂਦੇ ।

੨੦ ਤ੍ਰਿਭੰਗੀ ਛੰਦਾਂ ਬਾਰੇ ਕੁਝ ਲਿਖਾਰੀਆਂ ਦਾ ਖਿਆਲ ਹੈ ਕਿ ਇਹ ਦੁਰਗਾ ਸਤੋਤਰ ਹੈ ਇਸ ਲਈ ਚੰਡੀ ਚਰਿਤ੍ਰ ਦਾ ਹਿਸਾ ਹੈ, ਪਰ ਇਹਨਾਂ ਛੰਦਾਂ ਬਾਰੇ ਸੰਪਰਦਾਈ ਇਤਿਹਾਸ ਇਸ ਤਰ੍ਹਾਂ ਹੈ । ਜਦੋਂ ਕਾਸ਼ੀ ਤੋਂ ਪੰਡਤ ਕਾਂਸ਼ੀ ਰਾਮ (ਕਈ ਉਸ ਦਾ ਨਾਮ ਕੇਸ਼ੋ ਦਾਸ ਲਿਖਦੇ ਹਨ) ਗੁਰੂ ਸਾਹਿਬ ਪਾਸ ਅਨੰਦਪੁਰ ਦੇਵੀ ਪ੍ਰਗਟ ਕਰਨ ਲਈ ਆ ਰਿਹਾ ਸੀ (ਇਸ ਵਿਸ਼ੇ ਤੇ ਫੇਰ ਕਿਸੇ ਲੇਖ ਵਿਚ ਲਿਖਣ ਦਾ ਯਤਨ ਕੀਤਾ ਜਾਏਗਾ) ਤਾਂ ਉਸ ਦੇ ਮਨ ਵਿਚ ਫੁਰਨਾ ਹੋਇਆ ਕਿ ਜੇਕਰ ਗੁਰੂ ਸਾਹਿਬ ਪੂਰਨ ਅਵਤਾਰ ਤੇ ਘਟ ਘਟ ਦੀ ਜਾਨਣਹਾਰ

www.AKJ.Org

ਹਨ ਤਾਂ ਮੈਨੂੰ ਦਰਬਾਰ ਵਿਚ ਪੁਜਣ ਤੇ ਮੇਰੇ ਮੰਗਣ ਤੋਂ ਬਿਨਾਂ ਹੀ ਕਾਬਲ ਦੇ ਮੇਵੇ ਖੁਆਉਣ ਤੇ 'ਦੁਰਗਾ ਸਤੋਤਰ', ਜੋ ਮੇਰੇ ਕੰਠ ਹੈ, ਇਹ ਦੇਸ਼-ਭਾਸ਼ਾ ਵਿਚ ਸੁਣਾਉਣ। ਜਿਸ ਵੇਲੇ ਪੰਡਤ ਦਰਬਾਰ ਵਿਚ ਪੁਜਾ ਤਾਂ ਠੀਕ ਉਸੇ ਵੇਲ ਕਾਬਲ ਤੋਂ ਕੁਝ ਸੰਗਤ ਗੁਰੂ ਜੀ ਦੇ ਦਰਸ਼ਨ ਨੂੰ ਆਈ। ਉਹਨਾਂ ਕਈ ਤਰ੍ਹਾਂ ਦੇ ਮੇਵੇ ਅਗੇ ਧਰ ਕੇ ਗੁਰੂ ਸਾਹਿਬ ਦੇ ਚਰਨ ਪਰਸੇ। ਗੁਰੂ ਸਾਹਿਬ ਨੇ ਉਨ੍ਹਾਂ ਵਿਚੋਂ ਉਤਮ ਤੇ ਸੁਆਦਿਸ਼ਤ ਮੇਵੇ ਪੰਡਤ ਹੋਰਾਂ ਨੂੰ ਦੇਕੇ ਕਿਹਾ ਕਿ ਇਹ ਛਕੋ ਤੁਸੀਂ ਦੂਰ ਸਫ਼ਰ ਤੋਂ ਥਕੇ ਹੋਏ ਆਏ ਹੋ। ਜਦੋਂ ਪੰਡਤ ਛਕ ਛਕਾ ਕੇ ਆਪਣੇ ਮਨ ਦਾ ਪਹਿਲਾ ਸੰਕਲਪ ਪੂਰਾ ਹੋਣ ਤੇ ਮੁੜ ਦਰਬਾਰ ਵਿਚ ਹਾਜ਼ਰ ਹੋਇਆ ਤਾਂ ਗੁਰੂ ਸਾਹਿਬ ਨੇ ਇਹ ੨੦ ਤ੍ਰਿਭੰਗੀ ਛੰਦ ਉਚਾਰਨ ਕੀਤੇ ਜੋ 'ਦੁਰਗਾ ਸਤੋਤਰ' ਦਾ ਹੀ ਅਨਵਾਦ ਹੈ। ਮਾਲੂਮ ਹੁੰਦਾ ਹੈ ਕਿ ਗੁਰੂ ਸਾਹਿਬ ਅਕਾਲ ਉਸਤਤ ਲਖਵਾ ਰਹੇ ਸਨ ਤੇ ਜਦੋਂ ਇਹ ਛੰਦ ਉਚਾਰਨ ਕੀਤੇ ਤਾਂ ਲਿਖਾਰੀ ਨੇ ਲਿਖਣਾ ਜਾਰੀ ਰਖਿਆ। ਇਹਨਾਂ ਛੰਦਾਂ ਵਿਚ ਗੁਰੂ ਸਾਹਿਬ ਨੇ ਅਕਾਲ ਪੁਰਖ ਦੀ ਸੰਘਾਰ ਸ਼ਕਤੀ ਦਾ ਵਰਨਣ ਕੀਤਾ ਹੈ। 'ਭਗਵੰਤ' ਤੋਂ ਉਸ ਦੀ ਸ਼ਕਤੀ 'ਭਗਵਤੀ' ਵਖ ਨਹੀਂ ਹੋ ਸਕਦੀ। ਜਿਵੇਂ ਸੂਰਜ ਵਿਚ ਗਰਮੀ, ਚੰਦਰਮਾਂ ਵਿਚ ਠੰਢ, ਅੱਗ ਵਿਚ ਸੇਕ ਤੇ ਫਲ ਵਿਚ ਖੁਸ਼ਬੋ।

ਸੋ ਗੁਰੂ ਸਾਹਿਬ ਨੇ ਅਕਾਲ ਪੁਰਖ ਦੀ ਉਸਤਤ ਉਸ ਦੇ ਸ਼ਕਤੀ ਵਾਚਕ ਨਾਵਾਂ ਨਾਲ ਕੀਤੀ ਹੈ। The Cultural Heritage of India Vol. III Page 447 ਵਿਚ ਭੀ 'ਸ਼ਿਵ' ਅਤੇ 'ਸ਼ਕਤੀ' ਦਾ ਆਪਸ ਵਿਚ ਅਦ੍ਵੈਤ ਦਾ ਸਬੰਧ ਦਸਿਆ ਹੈ ਤੇ ਇਹ ਸਿੱਧ ਕੀਤਾ ਹੈ ਕਿ ਦੋ ਨਹੀਂ ਇਕ ਹੀ ਹੈ।

## ਕੋ ਆਤਮਾ ਸਰੂਪ ਹੈ ?

ਪ੍ਰਾਕਿਰਤੀ ਦਾ ਆਕਾਰ ਹੀ ਆਤਮਾ ਸਰੂਪ ਹੈ 'ਜੀਉ ਪਿੰਡ' ਤਥਾ ਜੀਵ ਆਤਮਾਂ ਅਤੇ ਸ੍ਰੀਰ ਇਕ ਕਵਾਉ ਦਾ ਪਸਾਰਾ ਹੈ। ਨਿਰੰਕਾਰ ਦਾ ਫੁਰਨਾ ਹੋਇਆ, ਏਕੋ ਤੋਂ ਅਨੇਕ ਦਾ-ਅੰਸ-ਅੰਸੀ ਦੇ ਛੇਦ ਤੋਂ ਇਕ ਨਵੀਂ ਆਤਮਾ ਪ੍ਰਾਕਿਰਤੀ ਚ ਸਾਜ ਦਿਤੀ-ਸਚਦਾ ਨੰਦ 'ਅੰਸ' ਇਕ ਨਵਾਂ ਕੁੰਭ ਰਚ ਦਿਤਾ।

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ
ਤਾ ਤੂ ਜਗ ਮਹਿ ਆਇਆ। ਜਿਨ ਹਰਿ...ਵਜਾਇਆ।

ज्यौतिगचर्ण अधिकरणम्

The division of Atmas into two is not like the division of Solid object into two halves. Each Atman is reduced form of 'Original Object' which grows like parent Atma and adopts characters.

## ਇਹ ਕੁੰਭ ਕੀ ਵਸਤੂ ਹੈ ?

ਉਤਰ ਬੜਾ ਸੌਖਾ ਹੈ:—ਜਲ ਅਗਨਿ ਕੰਭ ਰਚਾਇਆ।' ਆਤਮਾ ਦਾ ਸਰੂਪ-ਅਨੂਪਮ ਹੈ-ਅਮਰ ਹੈ-ਵਿਸ਼ਵਨਾਥ ਦੇਵਾਧਿ-ਪਤਿ 'ਆਜਾਨ ਬਾਹੁ ਹੈ। ਆਦਿ, ਮਧਿ, ਅੰਤ 'ਚ ਪਾਰਬ੍ਰਹਮ ਦੀ ਹੋਂਦ ਦੀ ਬਾਕੀ ਸੀ 'ਆਦਿ ਪੂਰਨ ਮਧ ਪੂਰਨ ਅੰਤ ਪੂਰਨ ਪ੍ਰਮੇਸ਼ਰਹਿ। [ਜੈਤਸਰੀ Page 705)

ਵੇਦਾਂਤ 'ਚ ਕੇਵਲ 'ਵਾਹਿਗੁਰੂ' ਦੀ ਹੋਂਦ ਨੂੰ ਹੀ ਪ੍ਰਧਾਨ ਮੰਨਿਆ ਗਿਆ ਹੈ।

सदेव सेमयडग् आसीत एकमवादितीयम

In the begining O'Saumya. This world was just 'BEING' (Sat) the

www.AKJ.Org

one only with out second.

(Chhaudugya upnishad 6-2-1)

'ਓ' ਸਮੋਇਆ ਅਨਾਦਿ ਕਾਲ ਵਿਚ ਕੇਵਲ ੴ ਹੀ ਪ੍ਰਧਾਨ ਪੁਰਸ਼ ਸੀ ਇਕ ਵਾਹਿਗੁਰੂ ਦੀ ਹੋਂਦ ਹੀ ਅਟੱਲ ਰੂਪ 'ਚ ਪ੍ਰਵੇਸ਼ ਕਰਦਾ ਸੀ।

Only 'SAt' vibrated in the begining.

ਅਤਰੇ ਬ੍ਰਹਮਣ ਗਰੰਥ ਵੀ ਸਤਿ ਦੀ ਹੋਂਦ ਨੂੰ ਪ੍ਰਧਾਨ ਮੰਨਦਾ ਹੈ ।

आत्मा वा इदमेक एवाम् असेत (*21-1-1* Ait-upnesh) (This self only existed in begining) (Ait *21 1-1)* ਇਸ ਦਾ ਨਿਰਣਯ ਸਤਿਗੁਰੂ ਆਪਣੀ ਅਨੋਖੀ ਕਲਾ (Technique) ਆਪ ਫੁਰਮਾਉਂਦੇ ਹਨ ।

ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨ ਕੈਠੈ ਰਹਤਾ।
ਨਾਭਿ ਕਮਲ ਅਸਥੰਭ ਨ ਹੋਤੋ ਤਾਂ ਪਵਨ ਕਵਨ ਬਹਿ ਸਹਿਤਾ :
ਰੂਪ ਨ ਹੋਤੋ ਰੇਖ ਨ ਕਾਈ ਤਾਂ ਸਬਿਦ ਕਹਾ ਲਿਵ ਲਾਈ।
ਰਕਤ ਬਿੰਦ ਕੀ ਮੜੀ ਨ ਹੋਤੀ ਮਿਤ ਕੀਮਤ ਨਹੀਂ ਪਾਈ।
ਵਰਨ ਭੇਖੁ ਅਸਰੂਪ ਨ ਜਾਪੀ ਕਿਉ ਕਰ ਜਾਪਸ ਸਾਚਾ।
ਨਾਨਕ ਨਾਮ ਰਤੇ ਬੈਰਾਗੀ ਇਬ ਤਿਬ ਸਾਚੋ ਸਾਚਾ।

(ਰਾਮਕਲੀ ਮ: ੧)

Without the Employment of Sence organs perception is not posible and no body ever aets or is concerned with a mere body which is not super—Imposed by the notion of 'SELF.'

ਇਸ ਸਤਿ ਦੀ ਵਡਿਆਈ ਆਪ ਕਰਤਾ ਪੁਰਖ 'ਚ ਪ੍ਰਵੇਸ਼ ਕਰ ਜਾਂਦੀ ਹੈ ਸਤਿਗੁਰੂ ਜੀ ਆਪ ਫੁਰਮਾਉਂਦੇ ਹਨ:—

'ਗਉਨ ਗਗਨ ਜਬ-ਤਬ-ਹਿ ਨ ਹੋ-ਤਉ ਤ੍ਰਿਭਵਨ ਜੋਤਿ ਆਪੇ ਨਿਰੰਕਾਰ ॥
ਵਰਨ ਭੇਖ ਅਸਰੂਪਸ ਏਕੋ ਸਬਦਿ ਵਿਡਾਣੀ ॥
ਸਾਚ ਬਿਨਾ ਸੂਚਾ ਕੋ ਨਾਹੀ ਨਾਨਕ ਅਕਥ ਕਹਾਣੀ ॥

(ਰਾਮਕਲੀ ਪਹੱਲਾ ੧)

ਅਨਾਦਿ ਕਾਲ 'ਚ ੴ ਹੀ ਅਨਲ ਰੂਪ ਅਵਸਥਾ 'ਚ ਰੂਪ ਰੰਗ ਅਤੇ ਰੇਖ ਤੋਂ ਭਿਨ ਵਿਆਪਕ ਸੀ। ਕੇਵਲ ਏਕ ਧੁੰਧੂਕਾਰਾ ਹੀ ਪ੍ਰਵੇਸ਼ ਕਰਦਾ ਸੀ i.'e' protons and Electrons vibrate in the begining around the nuclea. This very nuclea sallies forth from the origin and multiplies into matter 'Existance'

ਆਤਮਾ ਸਰੂਪ ਨੇ ੴ Origin ਤੋਂ ਸੁਰ-ਗੁਨ ਰੂਪ ਧਾਰਨ ਕੀਤਾ ਅਤੇ ਅਸਥੂਲ ਸਰੀਰ ਦੀ ਸਾਜਨਾ ਹੋ ਗਈ। ਇਹ ਸਭ ਕੁਝ ਪ੍ਰਧਾਨ ਪੁਰਸ਼ ਦੇ ਫੁਰਨੇ ਅਨੁਸਾਰ ਹੋਇਆ।

"ਆਪ ਸਤਿ ਕੀਆ ਸਭ ਸਤਿ।
ਤਿਸ ਪ੍ਰਭ ਤੇ ਸਗਲੀ ਉਤ ਪਤਿ।
ਤਿਸ ਭਾਵੈ ਤਾਂ ਕਰੇ ਬਿਸਥਾਰ।
ਤਿਸ ਭਾਵੈ ਤਾ ਏਕੰਕਾਰ।"

(ਗਉੜੀ ਸੁਖਮਨੀ)

ਜਦ ਇਸ ਆਤਮਾ ਨੇ ਅਕਾਲ ਪੁਰਖ ਦੇ ਫ਼ੁਰਮਾਨ 'ਚ ਕਾਇਆ ਰੂਪ ਪਿੰਡ ਨੂੰ ਤਜਿਆ, ਮਿਟੀ 'ਚ ਮਿਟੀ ਰਲ ਗਈ ਅਤੇ ਪ੍ਰਕਾਸ਼ ਅੰਸੀ ਦੇ ਫ਼ੁਰਮਾਨ 'ਚ ਗੋਬਿੰਦ-ਨਿਰੰਕਾਰ 'ਚ ਆਕਾਰ 'ਸਮਾ' ਗਇਆ ਤਥਾ ਜਲਿ ਅਗਨਿ ਤੇ ਵਾਯੂ ਦਾ ਕੁੰਭ ਵਖਰਾ ਵਖਰਾ ਆਪਣੇ ਤੱਤ'ਚ ਮਿਲ ਗਿਆ। The body is composed of three constituents.

(ਸਰੀਰ ਤਿਨਾਂ ਪਦਾਰਥਾਂ ਦਾ ਬਣਿਆ ਹੋਇਆ ਹੈ)

ਜਲ ਅਗਨਿ ਕੁੰਭ ਰਚ ਇਆ।

੧, ਪ੍ਰਕਾਸ਼ = Latent heat i.e. TEJ
੨. ਜਲ = Water
੩. ਪ੍ਰਕਿਰਤੀ = Matter *

www.AKJ.Org

# ਨਿੱਕੀਆਂ ਨਿੱਕੀਆਂ ਗੱਲਾਂ

( ਭਾਈ ਮਨਮੋਹਨ ਸਿੰਘ ਜੀ M.Sc ਪਟਨਾ )

ਅੰਗਰੇਜ਼ੀ ਵਿਚ ਇਕ ਅਖਾਣ ਹੈ:—

Take care of the penny and the pound will take care of it self.

ਸਾਡੇ ਦੇਸ਼ ਦੀ ਬੋਲੀ ਵਿਚ ਇਸ ਦਾ ਭਾਵ ਹੈ ਕਿ 'ਤੁਸੀਂ ਪੈਸਿਆਂ ਦੀ ਸੰਭਾਲ ਕਰੋ, ਰੁਪਿਆਂ ਦੀ ਸੰਭਾਲ ਆਪੇ ਹੋ ਜਾਵੇਗੀ।' ਸੋ ਕਿਸੇ ਵਡੇ ਮੰਤਵ ਨੂੰ ਹਾਸਲ ਕਰਨ ਲਈ ਉਸ ਦਾ ਮੁਢ ਨਿਕੇ ਨਿਕੇ ਕੰਮ ਨਾਲ ਹੀ ਬਝਦਾ ਹੈ। ਜੋ ਪ੍ਰਾਣੀ ਆਮ ਜੀਵਨ ਦੀਆਂ ਨਿਕੀਆਂ ਨਿਕੀਆਂ ਘਟਨਾਵਾਂ ਵਲ ਧਿਆਨ ਨਹੀਂ ਦੇਂਦਾ, ਨਿਕੀ ਨਿਕੀ ਗਲ ਪਿਛੇ ਆਪਣੇ ਅਸੂਲ ਕੁਰਬਾਨ ਕਰ ਦੇਂਦਾ ਹੈ, ਉਹ ਸਮਾਂ ਪੈਣ ਤੇ ਕਿਸੇ ਵੀ ਵਡੇ ਕਾਰਜ ਸਮੇਂ ਆਪਣੇ ਅਸੂਲ ਨਹੀਂ ਨਿਬਾਹ ਸਕਦਾ।

ਫ਼ਰਜ਼ ਕਰੋ ਕਿ ਮੈਂ ਇਕ ਹਟੀ ਤੋਂ 75 ਪੈਸੇ ਦੀ ਵਸਤੂ ਲਈ ਹੈ, ਹੱਟੀ ਵਾਲੇ ਨੂੰ ਇਕ ਰੁਪੈ ਦਾ ਨੋਟ ਦਿੰਦਾ ਹਾਂ। ਉਸ ਨੇ 25 ਪੈਸੇ ਵਾਪਸ ਕਰਨੇ ਹਨ। ਦੁਕਾਨ ਤੇ ਹੋਰ ਵੀ ਗਾਹਕ ਹਨ ਇਸ ਲਈ ਦੁਕਾਨਦਾਰ ਦਾ ਧਿਆਨ ਕਈ ਪਾਸੇ ਹੈ। ਕਾਹਲੀ ਵਿਚ ਉਹ 75 ਪੈਸੇ ਆਪ ਰਖਣ ਦੀ ਥਾਵੇਂ ਮੈਨੂੰ 75 ਪੈਸੇ ਵਾਪਸ ਕਰ ਦੇਂਦਾ ਹੈ, ਇਹ ਮੇਰੇ ਇਮਤਿਹਾਨ ਦਾ ਸਮਾਂ ਹੈ। ਮੇਰੇ ਅੰਦਰੋਂ ਇਕ ਅਵਾਜ਼ ਆਵੇਗੀ 'ਇਹ ਪਰਾਇਆ ਹੱਕ ਹੈ। ਮੈਨੂੰ 50 ਪੈਸੇ ਵਾਪਸ ਕਰ ਦੇਣੇ ਚਾਹੀਦੇ ਹਨ।' ਇਸ ਦੇ ਨਾਲ ਇਸ ਦੇ ਉਲਟ ਇਕ ਹੋਰ ਅਵਾਜ਼ ਜਿਸ ਨੂੰ ਕਲਜੁਗ ਦੀ ਆਵਾਜ਼ ਕਹਿ ਲਵੋ, ਸ਼ੈਤਾਨ ਦੀ ਆਖ ਲਵੋ ਜਾਂ ਭੈੜੀ ਬਿਰਤੀ ਦੀ ਆਵਾਜ਼ ਕਹਿ ਲਵੋ, ਉਹ ਆਖੇਗੀ 'ਮੈਂ ਕਿਹੜਾ ਜਾਣ ਬੁਝ ਕੇ ਵਾਧੂ ਪੈਸੇ ਲਏ ਹਨ। ਨਾ ਚੋਰੀ ਹੀ ਕੀਤੀ ਹੈ, ਜੇਕਰ ਆਪਣੇ ਆਪ ਵਾਧੂ ਪੈਸੇ ਮਿਲਦੇ ਹਨ ਤਾਂ ਇਹ ਮੇਰਾ ਮੁਕੱਦਰ ਹੈ ਇਸ ਲਈ ਵਾਪਸ ਕਰਨ ਦੀ ਲੋੜ ਨਹੀਂ। ਸਾਰੇ ਪੈਸੇ ਹੜੱਪ ਕਰ ਤੇ ਚਲਦਾ ਬਣ।' ਇਹੋ ਜਿਹੀ ਇਕ ਘਟਨਾ ਇਬਰਾਹੀਮ ਲਿੰਕਨ (Abraham Lincoln) ਜੋ ਕਿਸੇ ਸਮੇਂ

---

* ਇਸ ਪ੍ਰਧਾਨ ਵਿਸ਼ੇ 'ਚ ਵੇਦਾਂਤ ਵਾਲੇ ਵੀ ਮੰਨਦੇ ਹਨ ਕਿ ਜੀਵ ਆਤਮਾ ਪ੍ਰਕਿਰਤੀ ਵਿਚ ਪ੍ਰਵੇਸ਼ ਕਰਦੀ ਹੈ। ਇਹ ਸਭ ਕੁਝ ਅਦ੍ਰਿਸ਼ਟ ਤਾਕਤ ਦੁਆਰਾ ਹੁੰਦਾ ਹੈ।

तदन्तर प्रतियच्याधिकरणम्

Tadantara–Pratipa ttyadhi Karnam (Brahmn Sutra (III) (**1.1.1**)

During the attainment of an other body (The Jivaself) Sallies forth (from the body) enveloped (by the subtle Element). (ਚਲਦਾ)

www.AKJ.Org

ਅਮਰੀਕਾ ਦੇ ਪ੍ਰਧਾਨ ਰਹੇ ਹਨ, ਦੇ ਜੀਵਨ ਵਿਚ ਉਦੋਂ ਆਈ ਸੀ ਜਦੋਂ ਅਜੇ ਉਸ ਨੂੰ ਅਮਰੀਕਾ ਵਰਗੇ ਦੇਸ਼ ਦੀ ਪ੍ਰਧਾਨਗੀ ਮਿਲਣ ਦਾ ਸੁਪਨਾ ਵੀ ਨਹੀਂ ਸੀ ਆਇਆ ਤੇ ਉਹ ਅਜੇ ਆਪਣੀ ਗਰੀਬੜੀ ਜਿਹੀ ਲਕੜ ਦੀ ਝੁਗੀ ਵਿਚ ਰਹਿੰਦਾ ਸੀ। ਇਕ ਛੋਟੇ ਜਿਹੇ ਸਿੱਕੇ (ਸ਼ਾਇਦ ਸਾਡੀ ਦੁਆਨੀ ਦੇ ਬਰੋਬਰ) ਨੂੰ, ਜੋ ਇੰਨ ਬਿੰਨ ਇਸੇ ਤਰ੍ਹਾਂ ਉਸ ਪਾਸ ਆਇਆ ਸੀ ਜਿਵੇਂ ਕਿ ਉਤੇ ਉਦਾਹਰਨ ਵਿਚ ਵਰਨਨ ਕੀਤਾ ਹੈ, ਵਾਪਸ ਕਰਨ ਲਈ ਦੋ-ਤਿੰਨ ਮੀਲ ਦਾ ਪੈਂਡਾ ਪੈਰੀਂ ਤੁਰਕੇ ਵਾਪਸ ਆਇਆ। ਪੈਸੇ ਲੈਣ ਤੋਂ ਪਿਛੋਂ ਉਸਦੇ ਮਨ ਵਿਚ ਵੀ ਇਹਨਾਂ ਦੁਹਾਂ ਬਿਰਤੀਆਂ—ਦੇਵ ਤੇ ਸ਼ੈਤਾਨ ਦਾ ਘੋਲ ਹੋਂਦਾ ਰਿਹਾ ਪਰ ਅੰਤ ਵਿਚ ਉਸਦੀ ਦੇਵ ਬਿਰਤੀ ਪਰਬਲ ਹੋ ਗਈ। ਏਸੇ ਤਰਾਂ ਦੀਆਂ ਕਈ ਹੋਰ ਘਟਨਾਵਾਂ ਉਸ ਦੇ ਜੀਵਨ ਵਿਚ ਹੋਈਆਂ ਹੋਣਗੀਆਂ ਜਿਨ੍ਹਾਂ ਨੇ ਉਸ ਦੇ ਚਲਨ ਤੇ ਜੀਵਨ ਉਦੇਸ਼ ਨੂੰ ਪਕੇ ਪੈਰਾਂ ਤੇ ਖੜਾ ਕਰ ਦਿਤਾ। ਇਸ ਦਾ ਸਿੱਟਾ ਇਹ ਹੋਇਆ ਜੋ ਅਮਰੀਕਾ ਦੀ ਧਰਤੀ ਵਿਚ ਆਪਣੀ ਮਿਸਾਲ ਆਪ ਹੀ ਹੈ। ਇਹ ਆਮ ਮਸ਼ਹੂਰ ਹੈ ਕਿ ਅਮ੍ਰੀਕਾ ਦੇ ਪ੍ਰਧਾਨ ਆਮ ਤੌਰ ਤੇ ਬੜੇ ਧਨਾਢ ਚੰਗੇ ਉਘੇ ਖ਼ਾਨਦਾਨਾਂ ਵਿਚੋਂ ਹੀ ਬਣਦੇ ਹਨ। ਇਕ ਲਿੰਕਨ ਦੀ ਹੀ ਐਸੀ ਮਿਸਾਲ ਹੈ ਜੋ ਅਤਿ ਗਰੀਬੀ ਵਿਚੋਂ ਆਪਣੇ ਦੇਸ਼ ਦੇ ਸਭ ਤੋਂ ਵਡੇ ਹੁੱਦੇ ਤੇ ਪੁਜਿਆ। ਲਕੜ ਦੀ ਝੁੱਗੀ ਤੋਂ ਉਹ ਦੇਸ਼ ਦੇ ਰਾਸ਼ਟਰਪਤੀ ਭਵਨ ਤਕ (From log cabin to white House) ਪੁਜ ਗਿਆ। ਕਿਉਂ? ਕੇਵਲ ਇਸ ਲਈ ਕਿ ਉਸਨੇ ਆਪਣੇ ਜੀਵਨ ਦੀਆਂ ਨਿੱਕੀਆਂ ਨਿੱਕੀਆਂ ਘਟਨਾਵਾਂ ਵਿਚ ਆਪਣੇ ਆਪੇ, ਆਪਣੇ ਅਸੂਲ ਅਤੇ ਆਪਣੇ ਜੀਵਨ ਉਦੇਸ਼ ਨੂੰ ਨਿਬਾਹ ਕੇ ਸਮੁਚਾ ਜੀਵਨ ਉਸ ਸਾਂਚੇ ਵਿਚ ਢਾਲ ਲਿਆ ਹੋਇਆ ਸੀ।

ਹੁਣ ਇਸੇ ਗਲ ਨੂੰ ਆਪਣੇ ਧਾਰਮਕ ਤੇ ਅਧਿਆਤਮਕ ਦ੍ਰਿਸ਼ਟੀਕੋਨ ਤੋਂ ਵੀਚਾਰੀਏ ਤਾਂ ਪਤਾ ਲਗਗਾ ਕਿ ਇਸ ਧਰਮ ਦੇ ਸਾਂਚੇ ਵਿਚ ਜੀਵਨ ਨੂੰ ਢਾਲਣ ਲਈ ਨਿੱਕੀਆਂ ਨਿੱਕੀਆਂ ਗਲਾਂ ਵਲ ਧਿਆਨ ਦੇਣਾ ਕਿਉਂ ਜ਼ਰੂਰੀ ਹੈ। ਇਕ ਵਾਰੀ ਇਕ ਈਸਾਈ ਮਿਤ੍ਰ ਨਾਲ ਧਰਮ ਸੰਬੰਧੀ ਚਰਚਾ ਚਲ ਪਈ। ਗਲ ਬਾਤ ਵਿਚ ਉਸ ਮਿਤ੍ਰ ਨੇ ਇਸੇ ਸੰਬਧ ਵਿਚ ਬੜ ਫਕਵੇਂ ਅਖਰ ਕਹੇ:—

'Sardar sahib! there is no mid-way in matters connected with religion. Either you profess a religion or a complete disbeliver. Religion involves complete surrender.'

ਭਾਵ: 'ਸ੍ਰਦਾਰ ਜੀ! ਧਰਮ ਬਾਰੇ ਕੋਈ ਅੱਧ ਵਿਚਲਾ ਰਾਹ ਨਹੀਂ ਅਪਨਾਇਆ ਜਾ ਸਕਦਾ। ਜਾਂ ਤੁਸੀਂ ਕਿਸੇ ਧਰਮ ਦੇ ਵਿਸ਼ਵਾਸ਼ੀ ਹੋ ਜ਼ਾਂ ਮੁਨਕਰ। ਧਰਮ ਵਿਚ ਤਾਂ ਆਪਣਾ ਆਪਾ ਸੰਪੂਰਨ ਤੌਰ ਤੇ ਅਰਪਨ ਕਰਨਾ ਪੈਂਦਾ ਹੈ।'

ਕਿੰਨੀ ਸਚਾਈ ਹੈ ਇਨ੍ਹਾਂ ਅਖਰਾਂ ਵਿਚ! ਕੀ ਇਹ ਗੁਰ ਹੁਕਮ ਇਸ ਨੁਕਤੇ ਨੂੰ ਕਿਸੇ ਸ਼ਕ ਵਿਚ ਰਹਿਣ ਦਿੰਦੇ ਹਨ:—

'ਸਲਾਮੁ ਜਬਾਬ ਦੋਵੈ ਕਰੇ ਮੁੰਢਹੁ ਘੁਥਾ ਜਾਇ।'
'ਆਪ ਗਵਾਈਐ ਤਾ ਸਹੁ ਪਾਈਐ, ਅਵਰ ਕੈਸੀ ਚਤੁਰਾਈ।'

ਇਸੇ ਤਰ੍ਹਾਂ ਦੇ ਅਨੇਕਾਂ ਪਾਵਨ ਗੁਰ ਹੁਕਮ ਇਸ ਆਪਾ ਅਰਪਣ ਦੀ ਮਹੱਤਤਾ ਨੂੰ ਸਪਸ਼ਟ ਪ੍ਰਗਟ ਕਰਦੇ ਹਨ। ਗੁਰਸਿਖੀ ਦਾ ਮਾਰਗ ਤਾਂ


www.AKJ.Org

ਹੈ ਹੀ ਸੰਪੂਰਨ ਆਪਾ ਅਰਪਨ ਦਾ। ਇਸੇ ਲਈ ਸਚੇ ਸੁਚੇ ਗੁਰਸਿਖਾਂ ਨੂੰ 'ਮਰ ਜੀਵੜੇ' ਆਖ ਕੇ ਸਨ ਮਾਨਿਆ ਜਾਂਦਾ ਹੈ।

''ਇਤ ਮਾਰਗ ਚਲੇ ਭਾਈਅੜੇ
ਗੁਰ ਕਹੈ ਸੁ ਕਾਰ ਕਮਾਇ ਜੀਉ ॥
ਤਿਆਗੇ ਮਨ ਕੀ ਮਤੜੀ
ਵਿਸਾਰੇ ਦੂਜਾ ਭਾਉ ਜੀਉ ॥
ਇਉ ਪਾਵਹਿ ਹਰਿ ਦਰਸਾਵੜਾ
ਨ ਲਗੈ ਤਤੀ ਵਾਉ ਜੀਉ ।'

ਇਸ ਤੋਂ ਵਧ ਹੋਰ ਕਿਸ ਤਰਾਂ ਸਪਸ਼ਟ ਕੀਤਾ ਜਾ ਸਕਦਾ ਹੈ ? ਮਨ ਦੀ ਮੱਤ ਦਾ ਤਿਆਗ ਕਰਨਾ, ਸਤਿਗੁਰਾਂ ਦੇ ਸਰਬ ਹੁਕਮਾਂ ਨੂੰ ਬਿਨਾਂ ਕਿੰਤੂ ਮੰਨ ਕੇ ਅਪਨਾਣਾ-ਇਹ ਹੈ ਗੁਰਸਿਖੀ ਜੀਵਨ। 'ਮੁਰਦ ਹੋਇ ਮੁਰੀਦ, ਨ ਗਲੀਂ ਹੋਵਨਾ।' ਮੁਰੀਦਾ (ਭਾਵ ਸਿਖ) ਬਨਣ ਲਈ ਮੁਰਦੇ ਵਾਂਗ ਆਪਣੀ ਹਸਤੀ ਮਿਟਾ ਦੇਹ। ਐਵੇਂ ਗਲਾਂ ਬਾਤਾਂ ਨਾਲ ਸਿਖੀ ਨਹੀਂ ਮਿਲਦੀ।

ਅਸੀਂ ਹਾਂ ਕਿ ਫਿਰ ਵੀ ਗੁਰ ਹੁਕਮਾਂ ਸੰਬੰਧੀ ਕੁਤਰਕਾਂ ਕਰੀ ਜਾਂਦੇ ਹਾਂ। ਇਸ ਸੰਬੰਧੀ ਜ਼ਰਾ ਇਤਿਹਾਸ ਵਿਚ ਵਾਪਰੀਆਂ ਘਟਨਾਵਾਂ ਨੂੰ ਗਹੁ ਨਾਲ ਵਿਚਾਰਨ ਤੇ ਇਸ ਗਲ ਦਾ ਨਿਰਨਾ ਹੋਰ ਵੀ ਚੰਗੀ ਤਰਾਂ ਹੋ ਜਾਵੇਗਾ। ਵਿਸਥਾਰ ਵਿਚ ਨਾ ਜਾਂਦਾ ਹੋਇਆ ਪਾਠਕਾਂ ਦਾ ਧਿਆਨ ਸਾਹਿਬ ਸ੍ਰੀ ਗੁਰੂ ਅੰਗਦ ਸਾਹਿਬ ਜੀ, ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਅਤੇ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰੂ ਪਦਵੀ ਤੇ ਪੁਜਣ ਤੋਂ ਪਹਿਲੇ ਦੇ ਜੀਵਨ ਇਤਿਹਾਸ ਵਲ ਲਿਜਾਂਦਾ ਹਾਂ। ਉਨਾਂ ਦਾ ਸੰਪੂਰਨ ਆਪਾ ਅਰਪਣ ਕਰਨਾ ਅਤੇ ਇਸ ਦੇ ਸਿਟੇ ਦੇ ਤੌਰ ਤੇ ਹਰ ਹੁਕਮ ਦੀ ਪਾਲਣਾ—ਬਿਨਾ ਸੰਕੋਚ ਦੇ ਕਰਨਾ-ਇਹ ਇਕ ਵਡਾ ਰਾਜ਼ ਹੈ ਉਨਾਂ ਦੇ ਇਸ ਪਰਮ ਪਦ ਦੀ ਪ੍ਰਾਪਤੀ ਦਾ। ਭਾਈ ਲੈਹਣਾ ਜੀ ਗੁਰੂ ਨਾਨਕ ਸਾਹਿਬ ਨੂੰ ਉਤਰ ਦੇ ਸਕਦੇ ਸਨ 'ਸਚੇ ਪਾਤਸ਼ਾਹ ! ਅਧੀ ਰਾਤ ਵੇਲੇ ਜਦ ਮੀਂਹ ਪੈ ਰਿਹਾ ਹੈ, ਬਾਹਰ ਧੁਪ ਕਿਥੇ ਜੋ ਕਪੜੇ ਸੁਕਾ ਲਿਆਵਾਂ ?' ਜਾਂ 'ਹਜ਼ੂਰ ! ਆਪ ਦਾ ਹੁਕਮ ਤਾਂ ਸਿਰ ਮਥੇ ਤੇ ਪਰ ਮੁਰਦਾ ਵੀ ਕਦੇ ਕਿਸੇ ਖਾਧਾ ਹੈ ?' ਇਤਿਆਦਿ।

ਪਰ ਨਹੀਂ। ਓਥੇ ਮੰਤਵ ਤਾਂ ਇਕੋ ਹੈ ਕਿ ਆਪਣੇ ਖਸਮ ਦਾ ਹੁਕਮ ਮਨਣਾ ਹੈ ਭਾਵੇਂ ਕੁਝ ਵੀ ਹੋਵੇ। ਇਹ ਹੈ ਸੰਪੂਰਨ ਅਰਪਣਾ Complete Surrender. ਜੇ ਅਸੀਂ ਫੇਰ ਵੀ ਆਪਣੇ ਸਤਿਗੁਰੂ ਦੇ ਹੁਕਮਾਂ ਤੇ ਕੁਤਰਕਾਂ ਕਰਦੇ ਜਾਈਏ ਤਾਂ ਇਸ ਦਾ ਕੀ ਇਲਾਜ ? ਕੀ ਇਹ ਅਧੋਗਤੀ ਜਾਂ ਅਸ਼ਰਧਕ ਹੋਣ ਦੀ ਨਿਸ਼ਾਨੀ ਨਹੀਂ ?

ਜੀ ਅਜ ਦੇ ਜ਼ਮਾਨੇ ਵਿਚ ਕਿਰਪਾਨ ਰਖਣ ਦਾ ਕੀ ਅਰਥ ਹੈ ? ਸਿਖੀ ਕੋਈ ਕਿਰਪਾਨ ਵਿਚ ਵੜੀ ਪਈ ਹੈ।'

'ਅਜ ਦਾ ਪੜਿਆ ਲਿਖਿਆ ਸੂਝਵਾਨ ਮਨੁਖ ਇਸ ਗਲ ਨੂੰ ਕਦਾਚਿਤ ਪ੍ਰਵਾਨ ਨਹੀਂ ਕਰਦਾ ਕਿ ਮਨੁਸ਼ ਦੇ ਬਾਹਰਲੇ ਰੂਪ ਦਾ ਸੰਬੰਧ ਉਸਦੇ ਧਰਮ ਨਾਲ ਵੀ ਹੋ ਸਕਦਾ ਹੈ।'

'ਨਿਰੇ ਕੇਸ ਰਖਣ ਵਿਚ ਹੀ ਸਿਖੀ ਨਹੀਂ। ਸਿਖੀ ਗੁਰਬਾਣੀ ਵਿਚ ਦਰਸਾਈ ਸ਼ਿਖਿਆ ਨੂੰ ਅਪਨਾਣ ਵਿਚ ਹੈ।'

ਇਸਤਰਾਂ ਦੇ ਅਨੇਕਾਂ ਪੜਚੋਲ ਭਰੇ ਪ੍ਰਸ਼ਨ ਤੇ ਸ਼ੰਕੇ ਅਜ ਦਾ ਕਹਿਵਤੀ (Socalled) ਪੜਿਆ ਲਿਖਿਆ ਕਹਿਵਤੀ ਸਿਖ, ਧਰਮ ਮਰਿਆਦਾ ਸੰਬੰਧੀ ਗੁਰ ਹੁਕਮਾਂ ਤੇ ਕਰਦਾ ਹੈ। ਪਰ ਸਭ

www.AKJ.Org

ਪ੍ਰਸ਼ਨਾਂ ਤੋਂ ਵਡਾ ਪ੍ਰਸ਼ਨ ਜੋ ਐਸੇ ਸ਼ੰਕਾਵਾਦੀ ਉਤੇ ਕਰਨਾ ਚਾਹੀਏ, ਉਹ ਇਹ ਹੈ ਕਿ 'ਭਾਈ ! ਤੁਸੀਂ ਗੁਰੂ ਨਾਨਕ-ਦਸ਼ਮੇਸ਼ ਸਤਿਗੁਰੂ ਜੀ ਦੇ ਸਿਖ ਹੋ ਜਾਂ ਆਪਣੀ ਬੁਧੀ ਦੇ ?' ਜੇ ਸਤਿਗੁਰੂ ਜੀ ਦੇ ਸਿਖ ਹੋ ਤਾਂ ਪਹਿਲੇ ਉਨਾਂ ਦੇ ਹੁਕਮਾਂ ਦੀ ਪਾਲਨਾ ਕਰੋ ਤੇ ਕਰੋ ਬਿਨਾ ਸ਼ੰਕਿਆਂ ਦੇ। ਇਹ ਸ਼ੰਕੇ ਤੇ ਸਹਿਸੇ ਜੀਉ ਨੂੰ ਮਲੀਣ ਕਰ ਦਿੰਦੇ ਹਨ। ਮੈ ਮੰਨਦਾ ਹਾਂ ਅਜ ਦੇ ਸਾਇੰਸੀ ਯੁਗ ਵਿਚ ਮਨੁਸ਼ ਹਰ ਗਲ ਸੰਬੰਧੀ ਕੀ, ਕਿਵ ਤੇ ਕਿਉਂ ਜਾਨਣਾ ਜ਼ਰੂਰੀ ਸਮਝਦਾ ਹੈ। ਪਰ ਇਹ ਜਾਨਕਾਰੀ ਵੀ ਓਦੋਂ ਤਕ ਨਹੀਂ ਹੋ ਸਕਦੀ ਜਦ ਤਾਈਂ ਅਸੀਂ ਸ੍ਰੀ ਗੁਰੂ ਨਾਨਕ, ਦਸ਼ਮੇਸ਼ ਜੀ ਦੇ ਮੁਢਲੇ ਹੁਕਮਾਂ ਨੂੰ ਬਿਨਾ ਸੰਕੋਚ ਤੇ ਸ਼ੰਕੇ ਦੇ ਨਾ ਮੰਨੀਏ। ਇਹ ਅੰਧ ਵਿਸ਼ਵਾਸ਼ ਨਹੀਂ। ਨਿਰੋਲ ਜਾਣ ਕਾਰੀ ਲਈ ਵੀ ਇਹੋ ਢੰਗ ਹੈ। ਇਕ ਆਮ ਪ੍ਰਚਲਤ ਦੁਨੀਆਵੀ ਵਿਦਿਆ ਪ੍ਰਾਪਤੀ ਸੰਬੰਧੀ ਮਿਸਾਲ ਦੇ ਕੇ ਆਪਣੇ ਨੁਕਤੇ ਨੂੰ ਖੋਹਲਦਾ ਹਾਂ:—

ਬਚਾ ਪਹਿਲੀ ਵਾਰੀ ਸਕੂਲ ਜਾਂਦਾ ਹੈ। ਮਾਸਟਰ ਜੀ ਕਹਿੰਦੇ ਹਨ ਕਿ ਬੱਚਾ! ਇਹ ਹੈ ਊੜਾ (ੳ)। ਹੁਣ ਦਸੋ ! ਬਚਾ ਕੀ ਆਖੇਗਾ ? ਕੀ ਉਹ ਇਹ ਸ਼ੰਕਾ ਪੇਸ਼ ਕਰੇਗਾ'ਮਾਸਟਰ ਜੀ ! ਮੈਂ ਨਹੀਂ ਮਨਦਾ ਕਿ ਇਹ ਊੜਾ ਹੈ। ਪਹਿਲੋਂ ਮੈਨੂੰ ਇਹ ਸਾਬਤ ਕਰਕੇ ਦਸੋ ਕਿ ਇਹ ਊੜਾ ਹੈ, ਹੋਰ ਕੋਈ ਅਖਰ ਨਹੀਂ।' ਐਸੇ ਸ਼ੰਕੇ ਤੇ ਪ੍ਰਸ਼ਨ ਕਰਨ ਬੱਚਾ ਕੁਛ ਪੜ੍ਹ ਲਿਖ ਸਕਦਾ ਹੈ ? ਅਤੇ ਕੀ ਮਾਸਟਰ ਜੀ ਦੀ ਇਸ ਸਿਖਸ਼ਾ ਨੂੰ ਸਤਿ ਕਰ ਕੇ ਮੰਨਣ ਵਾਲੇ ਬਚੇ ਤੇ ਮਾਸਟਰ ਜੀ ਵਿਚ 'ਅੰਧ ਵਿਸ਼ਵਾਸ਼ੀ' ਹੋਣ ਦਾ ਦੂਸ਼ਣ ਲਗ ਸਕੇਗਾ ? ਐਨ ਇਹੋ ਗਲ ਆਤਮਕ ਤੇ ਧਾਰਮਕ ਵਿਦਿਆ ਸੰਬੰਧੀ ਵਾਪਰਦੀ ਹੈ। ਦੁਨੀਆਵੀ ਇਲਮ ਵਿਚ ਭਾਵੇਂ ਕੋਈ ਕਿਡੀ ਵੱਡੀ ਡਿਗਰੀ ਲੈ ਕੇ ਬਡਾ ਪੜਾਕੂ ਬਣ ਬਣ ਬੈਠੇ, ਉਹ ਵਿਦਿਆ ਆਤਮਕ ਖੇਤਰ ਵਿਚ ਕੰਮ ਨਹੀਂ ਆ ਸਕਦੀ ਜਦ ਤਾਈਂ ਇਸ ਅਧਿਆਤ-ਮਕ ਵਿਦਿਆ ਦੇ ਮਾਸਟਰ ਜੀ ਕੋਲੋਂ, ਮਾਸੂਮ ਬੱਚੇ ਦੀ ਤਰਾਂ 'ਅੰਧ ਵਿਸ਼ਵਾਸ਼ੀ' ਹੋ ਕੇ ਸਿਖਿਆ ਨਾ ਲਈ ਜਾਵੇ। ਇਸੇਲਈ ਹੀ ਸ਼ਾਇਦ ਗੁਰਬਾਣੀ ਵਿਚ ਅਨੇਕਾਂ ਥਾਵਾਂ ਤੇ ਜਗਿਆਸੂ ਨੂੰ ਸਤਿਗੁਰੂ ਤੇ ਵਾਹਿਗੁਰੂ ਦੇ ਸਨਮੁਖ ਬੱਚਾ ਬਣ ਕੇ ਰਹਿਣ ਦੀ ਪ੍ਰੇਰਨਾ ਦਿਤੀ ਗਈ ਹੈ।

ਪਾਠਕ ਜੀ ! ਇਹ ਨਾ ਸਮਝਨਾ ਕਿ ਆਪਣੇ ਨੁਕਤੇ ਤੋਂ ਲਾਂਭੇ ਚਲਿਆ ਗਿਆ ਹਾਂ। ਮਜ਼ਮੂਨ ਸੀ 'ਨਿੱਕੀਆਂ ਨਿੱਕੀਆਂ ਗੱਲਾਂ।' ਸਤਿਗੁਰੂ ਸਾਹਿਬਾਨ ਦੇ ਸਮੂੰਹ ਹੁਕਮ ਅਪਨਾਣੇ ਸਾਡਾ ਸਿਖ ਅਖਵਾਉਣ ਵਾਲਿਆਂ ਦਾ ਪਰਮ ਧਰਮ ਹੈ ਭਾਵੇਂ ਉਹ ਵੇਖਣ ਚਾਖਣ ਨੂੰ ਉਪਰੋਂ ਉਪਰੋਂ ਨਿੱਕੀਆਂ ਨਿੱਕੀਆਂ ਗੱਲਾਂ ਹੀ ਮਲੂਮ ਹੋਣ। ਇਨ੍ਹਾਂ ਨਿੱਕੀਆਂ ਗੱਲਾਂ ਨੇ ਸਾਡਾ ਜੀਵਨ ਢਾਲਣਾ ਹੈ। ਇਹਨਾਂ ਨਿੱਕੀਆਂ ਗੱਲਾਂ ਵਿਚੋਂ ਹੀ ਵਡੀਆਂ ਪ੍ਰਾਪਤੀਆਂ ਦਾ ਮੁਢ ਬੱਝਣਾ ਹੈ। ਆਮ ਦੇਖਿਆ ਗਿਆ ਹੈ ਕਿ ਅਸੀਂ ਨਿਕੀਆਂ ਨਿਕੀਆਂ ਗੁਰਮਤਿ ਰਮਜ਼ਾਂ ਤੇ ਹੁਕਮਾਂ ਵਲ ਧਿਆਨ ਨਹੀਂ ਦੇਂਦੇ ਕਿ ਇਹਨਾਂ ਵਿਚ ਕੀ ਧਰਿਆ ਪਿਆ ਹੈ। ਕੁਝਕੁ ਮਿਸਾਲਾਂ ਦਿੰਦਾ ਹਾਂ:—

(੧) ਹੁਕਮਨਾਮਾ ਦਰਸਾਂਦਾ ਹੈ 'ਕੰਘਾ ਦੋਨੋਂ ਵਕਤ ਕਰ ਪਾਗ ਚੁਨੈ ਕਰ ਬਾਂਧਈ।' ਇਸ ਹੁਕਮ ਅਨੁਸਾਰ ਗੁਰਸਿਖ ਰਹਿਣੀ ਇਹ ਮੰਗ ਕਰਦੀ ਹੈ ਕਿ ਗੁਰੂ ਕਾ ਸਿੰਘ ਆਪਣੇ ਕੇਸਾਂ ਨੂੰ

www.AKJ.Org

ਦੋਨੋਂ ਵਕਤ ਕੰਘਾ ਕਰੇ ਤੇ ਪਗ ਚੁਣ ਕੇ ਬੰਨ੍ਹੇ। ਦੋਨੋਂ ਵਕਤ ਕੰਘਾ ਕਰਨ ਨੂੰ ਅਸੀਂ ਬਿਲਕੁਲ ਕੋਈ ਮਹੱਤਤਾ ਨਹੀਂ ਦੇਂਦੇ ਹਾਲਾਂਕਿ ਇਹ ਵੀ ਦਸਮੇਸ਼ ਜੀ ਦਾ ਹੁਕਮ ਹੈ। ਵੇਦਾਂ ਵਿਚ ਵੀ ਜਿਥੇ ਕੇਸਾਂ ਦੀ ਮਹਾਨਤਾ ਦਰਸਾਈ ਹੈ ਉਥੇ ਇਹ ਲਿਖਿਆ ਹੈ ਕਿ ਗ੍ਰਹਸਥੀ ਆਪਣੇ ਸੁਖੀ ਜੀਵਨ ਲਈ ਆਪਣੇ ਕੇਸਾਂ ਵਿਚ ਸੌ ਦੰਦਿਆਂ ਵਾਲਾ ਕੰਘਾ ਰਖੇ ਅਤੇ ਦੋਵੇਂ ਵੇਲੇ ਚੰਗੀ ਤਰਾਂ ਕੰਘੇ ਨਾਲ ਕੇਸ ਸਾਫ਼ ਕਰੇ। ਮਾਲੂਮ ਹੁੰਦਾ ਹੈ ਕਿ ਜਿਸ ਤਰਾਂ ਸਰੀਰ ਤੇ ਮਾਲਸ਼ ਕਰਨ ਨਾਲ ਜਾਂ ਘੁਟਣ ਨਾਲ ਥਕਾਵਟ ਦੂਰ ਹੁੰਦੀ ਹੈ ਇਸੇ ਤਰਾਂ ਲਕੜੀ ਦੇ ਕੰਘੇ ਨਾਲ ਰਗੜ ਕੇ ਕੰਘਾ ਕਰਨ ਨਾਲ ਸਿਰ ਨੂੰ ਤਰੋਤਾਜ਼ਗੀ ਤੇ ਰਾਹਤ ਮਿਲਦੀ ਹੈ। ਕੁਝ ਵੀ ਹੋਵੇ ਇਹ ਹੁਕਮ ਹੈ ਇਸ ਲਈ ਅਪਨਾਉਣਾ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਿਚ ਇਕ ਖਾਸ ਵਿਸ਼ੇਸ਼ਤਾ ਇਹ ਵੀ ਸੀ ਕਿ ਉਹਨਾਂ ਆਪਣੇ ਸਾਰੇ ਜੀਵਨ ਵਿਚ ਹਰੇਕ ਗੁਰ ਹੁਕਮ ਨੂੰ ਪਾਲਣਾ ਆਪਣਾ ਕਰਤਵਯ ਬਣਾ ਲਿਆ ਹੋਇਆ ਸੀ। ਜਿਸ ਹੁਕਮ ਨੂੰ ਨਿਕੀ ਜਿਹੀ ਗਲ ਕਹਿਕੇ ਅਸੀਂ ਐਵੇਂ ਹੀ ਲਾਂਭੇ ਕਰ ਦਿੰਦੇ ਹਾਂ, ਉਹਨਾਂ ਉਸੇ ਹੁਕਮ ਦੀ ਪਾਲਣਾ ਕਰਨ ਲਈ ਸਿਰਧੜ ਦੀ ਬਾਜ਼ੀ ਲਾ ਦਿਤੀ। ਕਿਉਂ ? ਸਿਰਫ਼ ਇਸ ਲਈ ਕਿ ਉਹ ਪਿਆਰੇ ਮਹਿਬੂਬ ਸਤਿਗੁਰੂ ਜੀ ਦਾ ਹੁਕਮ ਹੈ। ਨਾਗ ਪੁਰ ਜੇਲ੍ਹ ਵਿਚ ਉਨ੍ਹਾਂ ਨੇ ਕੇਸਾਂ ਵਿਚ ਕੰਘਾ ਨਾ ਕਰ ਸਕਣ ਕਰਕੇ ਤਿੰਨ ਦਿਨ ਪਰਸ਼ਾਦ-ਪਾਣੀ ਮੂੰਹ ਨਾਲ ਨਹੀਂ ਸੀ ਲਾਇਆ। ਜਦ ਚੌਥੇ ਦਿਨ ਸੁਪ੍ਰੰਟੈਂਡੈਂਟ ਜੇਲ ਨੂੰ ਪਤਾ ਲਗਾ ਕਿ ਭਾਈ ਸਾਹਿਬ ਚੌਥੇ ਦਿਨ ਤੋਂ ਕੜਾਕੇ ਤਾਂ ਹਨ ਤਾਂ ਉਹ ਆਕੇ ਪੁਛ ਗਿਛ ਕਰਨ ਲਗਾ:—

ਸੁਪ੍ਰੰਟੈਂਡੈਂਟ—ਰਣਧੀਰ ਸਿੰਘ ! ਜਦੋਂ ਦਾ ਮੈਂ ਇਸ ਜੇਲ੍ਹ ਵਿਚ ਆਇਆ ਹਾਂ ਏਹ ਪਹਿਲਾ ਮੌਕਾ ਹੈ ਕਿ ਮੇਰੇ ਵਕਤ ਵਿਚ ਭੁਖ-ਹੜਤਾਲ ਕਰਕੇ ਮੈਨੂੰ ਪਰੇਸ਼ਾਨ ਕੀਤਾ ਗਿਆ ਹੈ, ਐਨੇ ਡੰਗ ਰੋਟੀ ਕਿਉਂ ਨਹੀਂ ਖਾਧੀ ਅਤੇ ਮੇਰੇ ਉਤੇ ਸੰਤਾਪ ਕਿਉਂ ਚਾੜ੍ਹਿਆ ?

ਭਾਈ ਸਾਹਿਬ—ਜਨਾਬ ਮੈਂ ਸੰਤਾਪ ਕਿਸੇ ਉਤੇ ਕੁਛ ਨਹੀਂ ਚਾੜ੍ਹਿਆ ਅਤੇ ਨਾ ਹੀ ਮੈਂ ਜਾਣ ਬੁਝ ਕੇ ਆਪ ਨੂੰ ਪਰੇਸ਼ਾਨ ਕਰਨ ਲਈ ਭੁਖ ਹੜਤਾਲ ਕੀਤੀ ਹੈ। ਇਹ ਤਾਂ ਸੁਤੇ ਸੁਭਾਵ ਹੀ ਐਸਾ ਹੋ ਗਿਆ ਹੈ। ਮੈਂ ਚੋਥੇ ਕੇਸੀ ਇਸ਼ਨਾਨ ਖਾਰ ਸਾਬਣ ਨਾਲ ਕੀਤਾ ਸੀ, ਪਰ ਮੈਨੂੰ ਛੋਵਾਂ (ਤੇਲ) ਕੇਸਾਂ ਨੂੰ ਲਾਉਣ ਲਈ ਨਹੀਂ ਮਿਲਿਆ। ਜੇ ਮੈਨੂੰ ਪਹਿਲਾਂ ਪਤਾ ਹੁੰਦਾ ਕਿ ਤੇਲ ਨਹੀਂ ਮਿਲਣਾ ਤਾਂ ਮੈਂ ਖਾਰ ਨਾਲ ਕੇਸੀ ਇਸ਼ਨਾਨ ਹੀ ਨਾ ਕਰਦਾ। ਖਾਰ ਨਾਲ ਕੇਸੀ ਇਸ਼ਨਾਨ ਕਰਨ ਕਰਕੇ ਕੇਸ ਖੁਸ਼ਕ ਤੇ ਰੁਖੇ ਹੋ ਜਾਂਦੇ ਹਨ। ਜਿਨਾ ਚਿਰ ਤੇਲ ਨਾ ਲਾਈਏ ਕੰਘਾ ਨਹੀਂ ਕਰ ਸਕੀਦਾ। ਤੇਲ ਲਾ ਕੇ ਹੀ ਕੇਸ ਕੰਘੇ ਨਾਲ ਵਾਹੇ ਜਾ ਸਕਦੇ ਹਨ, ਐਵੇਂ ਨਹੀਂ ਵਾਹੇ ਜਾ ਸਕਦੇ। ਛੋਵਾਂ (ਤੇਲ)ਲਾਉਣ ਨਾਲ ਕੇਸਾਂ ਨੂੰ ਤਰਾਵਤ ਆ ਜਾਂਦੀ ਹੈ ਤਰਾਵਤ ਆਏ ਕੇਸਾਂ ਨੂੰ ਕੰਘੇ ਨਾਲ ਵਾਹੁਣ ਨਾਲ ਕੇਸ ਐਵੇਂ ਆਜਾਈਂ ਟੁਟ ਕੇ ਭੁਰਦੇ ਨਹੀਂ। ਅਸਾਂ (ਸਿਖਾਂ) ਨੂੰ ਕੰਘਾ ਹਰ ਰੋਜ਼ ਦੋਨੋ ਵਕਤ ਕਰਨ ਦਾ ਤਾਕੀਦੀ ਹੁਕਮ (stric rteligious order)ਹੈ ਅਤੇ ਬਿਨਾਂ ਕੰਘਾ ਕੀਤੇ ਪਰਸ਼ਾਦਾ ਛਕਣ ਦੀ ਭੀ ਸਖਤ ਮੁਮਾਨਿਅਤ ਹੈ, ਸੋ ਮੈਂ ਤਾਂ ਧਾਰਮਕ ਹੁਕਮ ਦੀ

www.AKJ.Org

ਤਾਮੀਲ ਕਰਦੇ ਹੋਇਆਂ ਹੀ ਪਰਸ਼ਾਦਾ ਨਹੀਂ ਛਕਿਆ। ਕੋਈ ਪਰੋਟੈਸਟ ਵਜੋਂ ਆਪਦੇ ਹੁਕਮਾਂ ਤੋਂ ਆਕੀ ਹੋਕੇ ਐਸਾ ਨਹੀਂ ਕੀਤਾ।

(ਜੇਲ੍ਹ ਚਿਠੀਆਂ ਪੰਨਾ ੫੭੪-੫)

ਕਿਉਂ ਜੀ! ਹੁਣ ਪਤਾ ਲਗਾ ਜੇ ਇਸ ਨਿਕੀ ਜਿਹੀ ਗਲ ਦੀ ਮਹਾਨਤਾ? ਪਰ ਅਸੀਂ ਕਿੰਨੇ ਕੁ ਇਸ ਹੁਕਮ ਨੂੰ ਆਪਣੇ ਰੋਜ਼ ਦੇ ਜੀਵਨ ਵਿਚ ਅਪਨਾਨੇ ਹਾਂ? ਇਹ ਤਾਂ ਸੀ 'ਕੰਘਾ ਦੋਨੋਂ ਵਕਤ ਕਰ' ਹੁਕਮ ਦੀ ਮਹਾਨਤਾ। ਹੁਣ ਲਓ ਇਸੇ ਪੰਗਤੀ ਵਿਚ ਦਰਸਾਏ ਦੂਜੇ ਹੁਕਮ 'ਪਾਗ ਚੁਣੈ ਕਰ ਬਾਂਧਈ' ਨੂੰ। ਪੱਗ ਨੂੰ ਚੁਣ ਕੇ ਬੰਨ੍ਹਣ ਦਾ ਆਪੇ ਹੀ ਭਾਵ ਇਹ ਵੀ ਨਿਕਲ ਆਉਂਦਾ ਹੈ ਕਿ ਦਸਤਾਰ ਨੂੰ ਲਾਹੁਣਾ ਭੀ ਇਕ ਇਕ ਵਲ ਲਾਹ ਕੇ ਹੈ, ਤਾਂ ਹੀ ਫਿਰ ਚੁਣ ਕੇ ਬੰਨ੍ਹੀ ਜਾਵੇਗੀ। ਰੋਜ਼ ਦੇ ਜੀਵਨ ਵਿਚੋਂ ਇਕ ਮਿਸਾਲ ਦੇਣੀ ਯੋਗ ਸਮਝਦਾ ਹਾਂ :—

ਸਰਦਾਰ ਜੀ ਦਫ਼ਤਰੋਂ ਜਾਂ ਆਪਣੇ ਹੋਰ ਕੰਮ ਕਾਜ ਤੋਂ ਥੱਕੇ ਟੁਟੇ ਘਰ ਪਹੁੰਚਦੇ ਹਨ। ਕਾਹਲੀ ਵਿਚ ਟੋਪੀ ਵਾਂਗੂੰ ਪਗੜੀ ਲਾਹ ਕੇ ਔਹ ਮੇਜ਼ ਤੇ ਵਗਾਹ ਮਾਰਦੇ ਹਨ ਅਤੇ ਪਖੇ ਨੂੰ ਫੁਲ ਸਪੀਡ ਤੇ ਛਡਕੇ ਪਸੀਨਾ ਸੁਕਾਉਂਦੇ ਹੋਏ ਸ਼ੁਕਰ ਸ਼ੁਕਰ ਕਰਦੇ ਹਨ। ਗੁਰਮਤਿ ਪਿਆਰੇ ਜੇ ਉਹਨਾਂ ਨੂੰ ਇਹ ਪ੍ਰੇਰਨਾ ਕਰਦੇ ਹਨ ਕਿ ਇਸ ਤਰਾਂ ਦਸਤਾਰ ਨੂੰ ਲਾਹੁਣਾ ਅਯੋਗ ਹੈ ਤਾਂ ਅਗੋਂ ਉਤਰ ਮਿਲਦਾ ਹੈ 'ਸਿਖੀ ਏਨਾ ਕੱਚਾ ਧਾਗਾ ਨਹੀਂ ਕਿ ਇਹਨਾਂ ਨਿਕੀਆਂ ਨਿਕੀਆਂ ਗੱਲਾਂ ਨਾਲ ਟੁਟ ਜਾਵੇ।' ਪਰ ਉਹ ਸੋਚਦੇ ਨਹੀਂ ਕਿ ਸਰਬੱਗ ਸਤਿਗੁਰੂ ਜੀ ਦੇ ਹੁਕਮ ਹਰ ਪੱਖ ਤੋਂ ਸੰਪੂਰਨ ਹਨ। ਬਾਹਰੋਂ ਆਉਂਦਿਆਂ ਦਸਤਾਰ ਲਾਹ ਕੇ ਪਖੇ ਥਲੇ ਬੈਠਦਿਆਂ ਕਈ ਵਾਰੀ ਗਰਮ-ਸਰਦ ਹੋਣ ਦਾ ਖਤਰਾ ਖ਼ਾਹ ਮਖ਼ਾਹ ਮੁਲ ਲੈਣਾ ਇਸ ਆਦਤ ਦਾ ਕੁਦਰਤੀ ਨਤੀਜਾ ਹੈ। ਇਸ ਦੇ ਉਲਟ ਜੇ ਦਸਤਾਰ ਇਕ ਇਕ ਵਲ ਲਾਹ ਕੇ ਹੌਲੀ ਹੌਲੀ ਲਾਹੀ ਜਾਵੇ ਤਾਂ ਠੰਢੀ ਹਵਾ ਵੀ ਸਹਿਜੇ ਸਹਿਜੇ ਸਿਰ ਤਕ ਪਹੁੰਚਦੀ ਹੈ। ਸਾਰੀ ਦਸਤਾਰ ਲਹਿ ਕੇ ਫਿਰ ਵੀ ਕੇਸਕੀ ਅਜੇ ਸਿਰ ਤੇ ਹੀ ਹੈ। ਉਸ ਨੂੰ ਵੀ ਇਸੇ ਤਰਾਂ ਲਾਹਿਆਂ ਇਹੋ ਜਿਹੇ ਖਤਰੇ ਦੇ ਨੇੜੇ ਆਉਣ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ।

ਇਸੇ ਤਰਾਂ ਟੋਪੀ ਨੁਮਾ ਪਗੜੀ ਜੋ ਰਾਤੀਂ ਲਾਹ ਕੇ ਅੰਗੀਠੀ ਤੇ ਰਖੀ ਹੋਈ ਸੀ ਦੂਜੇ ਦਿਨ ਕੰਮ ਕਾਰ ਤੇ ਜਾਣ ਲਗਿਆਂ ਕਾਹਲੀ ਨਾਲ ਫ਼ਟਾ ਫ਼ਟ ਚੁਕ ਕੇ ਸਿਰ ਤੇ ਸਜਾ ਲਈ—ਨਹੀਂ ਨਹੀਂ, ਰਖ ਲਈ—ਕਿਉਂਕਿ ਇਸ ਢੰਗ ਨਾਲ ਰਖੀ ਪਗੜੀ ਨੂੰ ਦਸਤਾਰ ਸਜਾਉਣਾ ਨਹੀਂ ਕਿਹਾ ਜਾ ਸਕਦਾ। ਸਰਦਾਰ ਜੀ ਸਾਈਕਲ ਤੇ ਘਰੋਂ ਵਾਹੋ ਦਾਹੀ ਦਫ਼ਤਰ ਨੂੰ ਤੁਰ ਪਏ। ਰਾਹ ਵਿਚ ਕੀ ਹੁੰਦਾ ਹੈ? ਸਿਰ ਵਿਚ ਥਾਂ ਥਾਂ ਤੇ ਖ਼ਾਰਸ਼ ਜਿਹੀ ਅਰੰਭ ਹੋ ਜਾਂਦੀ ਹੈ ਤੇ ਵਧਦੀ ਜਾ ਰਹੀ ਹੈ। ਜੇਬ ਵਿਚੋਂ ਪੈੱਨ ਜਾਂ ਪੈਨਸਲ ਕਢ ਕੇ ਪਗੜੀ ਦੇ ਅੰਦਰ ਦੀ ਖ਼ੂਬ ਰਗੜੇ ਮਾਰਦੇ ਹਨ, ਪਰ ਖਾਰਸ਼ ਘਟਦੀ ਹੀ ਨਹੀਂ। ਤੰਗ ਆ ਕੇ ਸਾਈਕਲ ਖੜਾ ਕਰਕੇ ਪਗੜੀ ਲਾਹ ਕੇ ਸਰਦਾਰ ਜੀ ਕੀ ਵੇਖਦੇ ਹਨ? ਰਾਤੀਂ ਅੰਗੀਠੀ ਤੇ ਜਦ ਟੋਪੀ ਨੁਮਾ ਪਗੜੀ ਪਈ ਸੀ ਤਾਂ ਸਿਰ ਦੀ ਬੰਧਿਆਈ ਦੀ ਖਿੱਚ ਸਦਕਾ ਕੀੜੀਆਂ ਉਥੇ ਅਨੰਦ ਲੈ ਰਹੀਆਂ ਸਨ, ਤੇ ਸਰਦਾਰ ਹੁਰਾਂ ਨੇ ਬਿਨਾਂ ਦੇਖੇ ਹੀ ਕਾਹਲੀ ਵਿਚ ਉਹ ਪਗੜੀ ਸਿਰ ਤੇ ਰਖ ਲਈ

www.AKJ.Org

ਸੀ। ਹੁਣ ਉਹ ਕੀੜੀਆਂ ਵਿਚਾਰੀਆਂ ਕੀ ਕਰਨ? ਬਾਹਰ ਨਿਕਲਣ ਦੇ ਯਤਨ ਵਿਚ ਕੇਸਾਂ ਵਿਚ ਥਾਂ ਥਾਂ ਤੇ ਫਿਰਨ ਨਾ ਤਾਂ ਹੋਰ ਕੀ ਕਰਨ ?

ਇਸ ਦਾ ਇਹ ਭਾਵ ਨਹੀਂ ਕਿ ਇਹਨਾਂ ਗਲਾਂ ਨੂੰ ਮੁਖ ਰਖ ਕੇ ਹੀ ਸਤਿਗੁਰੂ ਜੀ ਨੇ ਇਹ ਹੁਕਮ ਕੀਤੇ ਹਨ। ਉਹਨਾਂ ਦੀ ਗਤੀ ਉਹ ਹੀ ਜਾਨਣ । ਇਹ ਤਾਂ ਦੁਨੀਆਦਾਰੀ ਦੇ ਨੁਕਤੇ ਨਾਲ ਜੋ ਗਲ ਆਮ ਵਾਪਰੀ ਸੁਣੀਦੀ ਹੈ ਤੇ ਸਮਝ ਗੋਚਰੀ ਪਈ ਹੈ, ਸੋ ਲਿਖੀ ਹੈ ਇਸ ਲਈ ਇਹਨਾਂ ਗੁਰਮਤਿ ਹੁਕਮਾਂ ਨੂੰ ਐਵੇਂ ਨਿਕੀਆਂ ਨਿਕੀਆਂ ਗਲਾਂ ਕਹਿਕੇ ਦਰਗੁਜ਼ਰ ਨਹੀਂ ਕਰਨਾ ਚਾਹੀਦਾ।

ਇਕ ਹੋਰ ਗੁਰ ਹੁਕਮ ਲਉ। ਉਹ ਹੈਕਜੈਹਰੇ ਸਬੰਧੀ। ਆਨਮਤੀਆਂ ਨੇ ਤਾਂ ਕੀ ਕਹਿਣਾ ਸੀ ਪਰ ਜਦੋਂ ਉਪਰੋਂ ਦੇਖਣ ਚਾਖਣ ਨੂੰ ਚੰਗੇ ਭਲੇ ਸਿਖ ਸਰਦਾਰ ਕਹਾਉਣ ਵਾਲੇ, ਗੁਰਮੁਖੀ ਅਰੇਪ ਕਛੈਹਰੇ ਨੂੰ 'ਬਰੇਕਾਂ ਵਾਲਾ ਕੱਛਾ ਤੰਬੂ ਜਾਂ ਹੋਰ ਕੋਝੇ ਕੋਝੇ ਨਾਮ ਧਰਕੇ ਗੁਰਮਤਿ ਹੁਕਮਾਂ ਦਾ ਮਜ਼ਾਕ ਕਰਦੇ ਹਨ ਤਾਂ ਮਨ ਨੂੰ ਦੁਖ ਨਾ ਹੋਵੇ ਤਾਂ ਕੀ ਹੋਵ ? ਫ਼ਿਰ ਕਈ ਆਪਣੀ ਸਿਆਣਪ ਵਰਤਦੇ ਹੋਏ ਕਹਿੰਦੇ ਹਨ ਕਿ ਜੀ ਹੁਕਮ ਤਾਂ ਕਛ ਪਾਉਣ ਦਾ ਹੈ ਨਾ ਕਿ ਕਿਸੇ ਖਾਸ ਢੰਗ ਦੇ ਕਛ ਦੇ ਪਾਉਣ ਦਾ। ਕਛਾ-ਭਾਵ ਅੰਡਰ ਵੀਅਰ (underwear) ਜ਼ਰੂਰ ਪਾਉਣਾ ਚਾਹੀਦਾ ਹੈ ਭਾਂਵੇਂ ਉਸ ਦੀ ਸਿਲਾਈ ਕਿਸਤਰਾਂ ਦੀ ਹੋਵੇ ਗੁਰਮੁਖੀ ਅਰੇਪ ਕਛੇ ਦੀ ਮਹਾਨਤਾ ਸਬੰਧੀ ਇਕ ਹਡ ਵਰਤੀ ਘਟਨਾ ਵਰਨਨ ਕਰਦਾ ਹੈ। ਕੁਝ ਸਾਲ ਹੋਏ ਦਾਸ ਟਰੀਵੇਂਡਰਮ (ਕੇਰਲ) ਤੋਂ ਮਦਰਾਸ ਲਈ ਰੇਲ ਦੇ ਫਸਟ ਕਲਾਸ ਦੇ ਡੱਬੇ ਵਿਚ ਸਫਰ ਕਰ ਰਿਹਾ ਸੀ। ਮੇਰੇ ਨਾਲ ਇਕ ਹੋਰ ਉਧਰ ਦਾ ਹੀ ਈਸਾਈ ਮਤ ਦਾ ਅਫ਼ਸਰ ਵੀ ਉਸੇ ਡੱਬੇ ਵਿਚ ਸੀ। ਦਿਨ ਚੜ੍ਹਨ ਤੇ ਜਦ ਮੇਰੇ ਹਮ ਸਫਰ ਅਫਸਰ ਜੀ ਸੌਚ ਇਸ਼ਨਾਨ ਤੋਂ ਵੇਹਲੇ ਹੋਕੇ ਬੈਠੇ ਤਾਂ ਉਨਾਂ ਦਾ ਧਿਆਨ ਦਾਸ ਦੇ ਕਛੈਹਰੇ ਤੇ ਟਿਕ ਗਿਆ ਜੋ ਕਿ ਉਸਦੇ ਉਠਨ ਤੋਂ ਪਹਿਲੇ ਹੀ ਦਾਸ ਨੇ ਇਸ਼ਨਾਨ ਉਪ੍ਰੰਤ ਸੁਕਾਉਣ ਲਈ ਕਿਲੇ ਤੇ ਲਟਕਾਇਆ ਹੋਇਆ ਸੀ। ਉਹ ਸਜਨ ਇਸ ਖਾਸ ਕਿਸਮ ਦੀ ਸਿਲਾਈ ਵਾਲੇ ਅੰਡਰ ਵੀਅਰ ਨੂੰ ਵੇਖਕੇ ਕੁਝ ਹੈਰਾਨ ਜਿਹਾ ਸੀ। ਅਖੀਰ ਉਸ ਨੇ ਅੰਗਰੇਜ਼ੀ ਵਿਚ ਗਲਬਾਤ ਛੇੜਦਿਆਂ ਹੋਇਆਂ ਉਸ ਕੱਛੇ ਦੀ ਖਾਸ ਵਿਉਂਤ ਵਾਲੀ ਸਲਾਈ ਸਬੰਧੀ ਪੁਛ ਕੀਤੀ ਕਿ ਇਸ ਦਾ ਕੀ ਲਾਭ ਹੈ ? ਦਾਸ ਨੇ ਉਸ ਨੂੰ ਕਿਹਾ ਕਿ ਇਸ ਉਤਰ ਅਮਲੀ ਪ੍ਰਦਰਸ਼ਨ ਤੋਂ ਹੀ ਚੰਗਾ ਮਿਲ ਸਕਦਾ ਹੈ। ਸੋ ਜੇ ਉਹ ਮੁਨਾਸਬ ਸਮਝਦੇ ਤਾਂ ਮੈਂ ਪਜਾਮਾ ਲਾਹਕੇ ਪਾਏ ਹੋਏ ਇਸੇ ਢੰਗ ਦੇ ਕਛੇ ਦੇ ਗੁਣ ਦਰਸਾ ਦਿਆਂ ? ਉਹ ਮੁਸਕਰਾ ਕੇ ਕਹਿਣ ਲਗਾ ਕਿ ਹਾਂ ਕੋਈ ਹਰਜ ਨਹੀਂ, ਇਥੇ ਕਿਹੜਾ ਕੋਈ ਜ਼ਨਾਨੀਆਂ ਬੈਠੀਆਂ ਹਨ। ਤਾਂ ਮੈਂ ਉਤਰ ਵਿਚ ਕਿਹਾ ਕਿ ਇਹੋ ਇਕ ਖੂਬੀ ਇਸ ਕਿਸਮ ਦੇ ਕਛੈਹਰੇ ਵਿਚ ਹੈ ਕਿ ਜੇ ਕਰ ਜ਼ਨਾਨੀਆਂ ਵੀ ਬੈਠੀਆਂ ਹੋਣ ਤਾਂ ਵੀ ਇਸ ਕਛੈਹਰੇ ਨਾਲ ਤੁਹਾਨੂੰ ਕੋਈ ਸੰਕੋਚ ਨਹੀਂ ਹੋ ਸਕਦਾ ਕਿਉਂਕਿ ਧੋਤੀ ਤੇ ਨਿਕਰ ਨੁਮਾ ਕਛੇ ਨਾਲੋਂ ਕਿਤੇ ਵਧ ਇਸ ਨਾਲ ਪਰਦਾ ਕਾਇਮ ਰਹਿੰਦਾ ਹੈ। ਉਸ ਨੇ ਜਦ ਤੇੜ ਪਾਏ ਹੋਏ ਕਛੇ ਨੂੰ ਵੇਖਿਆ ਤੇ ਜਦ ਉਸ ਨੂੰ ਇਹ ਦਰਸਾਇਆ ਗਿਆ ਕਿ ਕਿਸੇ ਵਿੰਗੇ ਟੇਢੇ ਢੰਗ ਨਾਲ ਮਨੁਖ ਪਿਆ ਹੋਵੇ, ਇਸ ਨਾਲ ਉਸ ਦਾ ਨੰਗੇਜ ਨਹੀਂ ਹੁੰਦਾ ਤਾਂ ਉਸ ਨੇ ਬਹੁਤ ਹੀ


www.AKJ.Org

ਪਰਸੰਸਾ ਕੀਤੀ। ਉਸ ਕਿਹਾ ਕਿ ਉਹ ਵੀ ਕਛਾ ਤਾਂ ਪਾਉਂਦਾ ਹੈ ਪਰ ਉਸਦੇ ਉਤੇ ਧੋਤੀ ਬੰਨਣੀ ਅਤਿ ਜ਼ਰੂਰੀ ਹੈ।

ਪਾਕਿਸਤਾਨੀ ਘਲੂਘਾਰੇ ਸਮੇਂ ਜਦੋਂ ਹਿੰਦੂ ਸਿਖ ਇਸਤਰੀਆਂ ਨੇ ਆਪਣੀ ਇਜ਼ਤ ਬਚਾਉਣ ਦੀ ਖਾਤਰ ਦਰਿਆਵਾਂ ਖੂਹਾਂ ਵਿਚ ਛਾਲਾਂ ਮਾਰੀਆਂ ਤੇ ਉਨਾਂ ਦੀਆਂ ਲਾਸ਼ਾਂ ਬਾਹਰ ਕਢੀਆਂ ਗਈਆਂ ਤਾਂ ਉਥੋਂ ਦੇ ਮੁਸਲਮਾਨ ਅਫਸਰਾਂ ਨੂੰ ਵੀ (ਜੋ ਕਿ ਲਾਸ਼ਾਂ ਦੀ ਪੜਤਾਲ ਕਰਕੇ ਉਨਾਂ ਨੂੰ ਬਿਲੇ ਲਾਉਣ ਦੀ ਡਿਊਟੀ ਤੇ ਸਨ) ਇਹ ਕਹਿੰਦੇ ਸੁਣਿਆ ਸੀ, 'ਧੰਨ ਹਨ ਸਿਖ ਇਸਤਰੀਆਂ, ਜਿਨਾਂ ਮਰਕੇ ਵੀ ਆਪਣਾ ਪਰਦਾ ਕਾਇਮ ਰਖਿਆ ਹੈ।' ਉਪਰਲੇ ਵਸਤਰ ਤਾਂ ਪਾਣੀ ਦੇ ਜ਼ੋਰ ਜਾਂ ਹੋਰ ਢੰਗ ਨਾਲ ਭਾਵੇਂ ਫਟ ਗਏ ਪਰ ਸਿੰਘਣੀਆਂ ਦੇ ਗੁਰਮੁਖੀ ਕਛੈਹਰੇ ਮੌਤ ਤੋਂ ਉਪ੍ਰੰਤ ਉਨਾਂ ਦੀ ਇਜ਼ਤ ਤੇ ਪਰਦੇ ਦੇ ਰਾਖੇ ਰਹੇ। ਇਸ ਸਬੰਧੀ ਹੋਰ ਕਿਹਾ ਜਾ ਸਕਦਾ ਹੈ।

ਇਸੇ ਤਰਾਂ ਹੋਰ ਵੀ ਕਈ ਗੁਰਮਤਿ ਹੁਕਮ ਐਸੇ ਹਨ ਜਿਨਾਂ ਦੀ ਮਹਾਨਤਾ ਉਪਰਲੀ ਦ੍ਰਿਸ਼ਟੀਨਾਲ ਸਾਡੇ ਤੇ ਪ੍ਰਗਟ ਨਾ ਹੋਣ ਕਰਕੇ ਅਸੀਂ ਉਹਨਾਂ ਨੂੰ 'ਨਿਕੀਆਂ ਨਿਕੀਆਂ ਗਲਾਂ ਵਿਚ ਕੀ ਪਿਆ ਹੈ ?' ਕਹਿ ਕੇ ਲਾਂਭੇ ਕਰ ਛਡਦੇ ਹਾਂ ਪਰ ਅਸਲ ਵਿਚ ਇਹਨਾਂ ਨਿਕੀਆਂ ਨਿਕੀਆਂ ਗਲਾਂ ਨੇ ਹੀ ਸਾਡੇ ਜੀਵਨ ਨੂੰ ਗੁਰਮਤਿ ਸਾਂਚੇ ਵਿਚ ਢਾਲ ਕੇ ਵਡੇ ਕਾਰਜਾਂ ਦੇ ਜੋਗ ਬਨਾਉਣਾ ਹੈ। ਅਸੀਂ ਅਲਪੱਗ ਜੀਵ ਸਰਬੱਗ ਸਤਿਗੁਰਾਂ ਦੇ ਸਰਬ ਹੁਕਮਾਂ ਨੂੰ ਘੋਖਣ ਤੇ ਪੜਚੋਲਣ ਦੇ ਸਮਰਥ ਨਹੀਂ ਹਾਂ। ਇਸ ਲਈ ਸਕੂਲ ਵਿਚ ਨਵੇਂ ਦਾਖ਼ਲ ਹੋਏ ਬਚੇ ਦੀ ਤਰਾਂ ਸਤਿਗੁਰੂ ਜੀ ਵਿਚ ਪੂਰਾ ਵਿਸ਼ਵਾਸ਼ ਰਖਕੇ ਉਹਨਾਂ ਦੇ ਹਰ ਹੁਕਮ ਨੂੰ ਪਾਲਣ ਦਾ ਯਤਨ ਕਰਨਾ ਹੀ ਗੁਰਸਿਖੀ ਦਾ ਕਰਤਵਯ ਹੈ।


# ਲੋੜ ਹੈ

'ਸੂਰਾ' ਪ੍ਰਿੰਟਿੰਗ ਪਰੈਸ ਪਟਿਆਲਾ ਲਈ ਦੋ ਭੁਝੰਗੀਆਂ ਦੀ ਲੋੜ ਹੈ, ਜਿਨਾਂ ਦੀ ਉਮਰ ੧੫ ਤੋਂ ੨੦ ਸਾਲ ਤਕ ਅਤੇ ਪੜ੍ਹਾਈ ਘਟੋ ਘਟ ਮਿਡਲ ਤਕ ਹੋਣੀ ਜ਼ਰੂਰੀ ਹੈ। ਉਨ੍ਹਾਂ ਨੂੰ ਕੰਪੋਜ਼ਿੰਗ ਦੀ ਇਕ ਸਾਲ ਦੀ ਟਰੇਨਿੰਗ ਦਿਤੀ ਜਾਵੇਗੀ ਅਤੇ ਟਰੇਨਿੰਗ ਦੇ ਵਿਚਾਲੇ ਯੋਗ ਵਜ਼ੀਫਾ ਭੀ ਦਿਤਾ ਜਾਵੇਗਾ। ਅੰਮ੍ਰਿਤਧਾਰੀ ਸਿੰਘਾਂ ਦੇ ਭੁਝੰਗੀਆਂ ਨੂੰ ਪਹਿਲ ਦਿਤੀ ਜਾਵੇਗੀ। ਬੇਨਤੀ ਪੱਤਰ ਹੇਠ ਲਿਖੇ ਪਤੇ ਪਰ 15-5-68 ਤੋਂ ਪਹਿਲਾਂ ਪਹਿਲਾਂ ਪੁਜਣੇ ਜ਼ਰੂਰੀ ਹਨ। ਬਿਨੇ ਪਤਰ ਵਿਚ ਪਿਤਾ ਦਾ ਨਾਂਓ, ਪਿੰਡ, ਤੇਹਸੀਲ ਜ਼ਿਲਾ, ਪੜ੍ਹਾਈ ਅਤੇ ਸਿੰਘ ਹੈ ਯਾ ਨਹੀਂ ਦਾ ਵੇਰਵਾ ਜ਼ਰੂਰੀ ਹੈ।

ਮੈਨੇਜ਼ਰ ਸੂਰਾ ਪ੍ਰਿੰਟਿੰਗ ਪ੍ਰੈਸ
ਰਾਘੋਮਾਜਰਾ, ਪਟਿਆਲਾ।


www.AKJ.Org

# ਸੁਣਿ ਸੁਣਿ ਜੀਵਾਂ ਤੇਰੀ ਬਾਣੀ

(ਗਿ: ਗੁਰਬਚਨ ਸਿੰਘ 'ਧਨੋਆ' ਘੜੂਆਂ (ਪਟਿਆਲਾ)

ਸੱਚੀ ਬਾਣੀ ਧੁਰ ਤੋਂ ਆਈ, ਜਿਸਦੇ ਵਿਚ ਨੇ ਅੰਮ੍ਰਿਤ ਸਾਰੇ।
ਪੱਥਰ ਸੁਣ ਕੇ ਮੋਮ ਬਣ ਜਾਂਦੇ, ਲੱਖਾਂ ਪਾਪੀ ਡੁਬਦੇ ਤਾਰੇ।
ਟੁੱਟੇ ਦਿੱਲ ਨੂੰ ਧੀਰਜ ਦੇਂਦੀ, ਤੱਪਦਾ ਹਿਰਦਾ ਪਲ ਵਿਚ ਠਾਰੇ।
ਬਣੇ ਆਸਰਾ ਉਸਦਾ ਜੱਗ ਤੇ, ਟੁਟਣ ਜਿਸਦੇ ਸਭ ਸਹਾਰੇ।
ਕਰ ਸਿਮਰਨ ਤੂੰ ਉਸਦਾ ਬੰਦਿਆ, ਜਿਸਦੀ ਜਗ ਤੇ ਅਕਥ ਕਹਾਣੀ।
'ਅਰਦਾਸਿ ਕਰੀ ਪ੍ਰਭ ਅਪਨੇ ਆਗੇ, ਸੁਣਿ ਸੁਣਿ ਜੀਵਾਂ ਤੇਰੀ ਬਾਣੀ।'

ਮਰਦਾਨੇ ਜਦੋਂ ਰਬਾਬ ਵਜਾਈ, ਰੱਬੀ ਗੀਤ 'ਬਾਬੇ' ਨੇ ਗਾਇਆ।
ਕਾਇਆ ਪੱਲਟੀ ਸ਼ੇਖ ਸੱਜਣ ਦੀ, ਠੱਗ ਤੋਂ ਉਸ ਨੂੰ ਸਾਧ ਬਣਾਇਆ।
ਪੰਜੇ ਨਾਲ ਸੀ ਥੰਮੇ ਪ੍ਰਬੱਤ, ਵਲੀਆਂ ਦਾ ਸੀ ਮਾਣ ਨਿਵਾਇਆ।
ਚੱਕੀਆਂ ਆਪੇ ਚਲਦੀਆਂ ਤੱਕ ਕੇ, ਬਾਬਰ ਸ਼ਰਨ ਗੁਰਾਂ ਦੀ ਆਇਆ।
(ਆਖੇ) ਹੇ ਨਾਨਕ ! ਤੂੰ ਰੂਪ ਖੁਦਾ ਦਾ, ਮੈਂ ਮੂਰਖ ਨੇ ਕਦਰ ਨਾ ਜਾਣੀ।
ਅਰਦਾਸਿ ਕਰੀ ਪ੍ਰਭੁ ਆਪਨੇ ਆਗੇ, ਸੁਣਿ ਸੁਣਿ ਜੀਵਾਂ ਤੇਰੀ ਬਾਣੀ।

ਪੜੇ ਸੁਣੇ ਜੋ ਮਨ ਚਿੱਤ ਲਾਕੇ, ਉਸਦੇ ਮਨਦੀ ਇੱਛ ਪੁਜਾਈ।
ਵਾਉ ਤੱਤੀ ਨਾਂ ਲੱਗੇ 'ਧਨੋਆ', ਜੋ ਆਵੇ ਇਸਦੀ ਸਰਨਾਈ।
ਜੀਵਨ ਜਾਚ ਸਿਖਾਵੇ ਸਾਨੂੰ, ਪ੍ਰਭੁ ਚਰਨਾਂ ਨਾਲ ਬਿਰਤੀ ਲਾਣੀ।
ਅਰਦਾਸ ਕਰੀ ਪ੍ਰਭੁ ਅਪਨੇ ਆਗੇ, ਸੁਣਿ ਸੁਣਿ ਜੀਵਾਂ ਤੇਰੀ ਬਾਣੀ।'

---

## ਬਰੇਲੀ ਵਿਖੇ ਕੀਰਤਨ ਸਮਾਗਮ

ਗੁਰ ਸੰਗਤ ਜੀਓ, ਬੇਨਤੀ ਹੈ ਕਿ ਵਿਸਾਖੀ ਦੇ ਸਮਾਗਮ ਤੇ ਲੁਧਿਆਣੇ ਹੋਲੇ ਮਹਲੇ ਦੇ ਸਮਾਗਮ ਤੇ ਚੰਡੀਗੜ ਬੇਨਤੀਆਂ ਕਰਨ ਤੇ ਦੇਹਲੀ ਦੇ ਸਿੰਘਾਂ ਦੀ ਬਖ਼ਸ਼ਸ਼ ਦੁਆਰਾ 6,7,8,9 ਜੂਨ 1968 ਨੂੰ ਬਰੇਲੀ (ਯੂ ਪੀ.) ਵਿਖੇ ਕੀਰਤਨ ਸਮਾਗਮ ਹੋਣੇ ਨੀਅਤ ਹੋਏ ਹਨ। ਇਸ ਸਮਾਗਮ ਵਿਚ ਦੇਹਲੀ, ਕਾਨਪੁਰ, ਕਾਸਗੰਜ, ਮਥਰਾ, ਕਰਨਾਲ, ਚੰਡੀਗੜ, ਲੁਧਿਆਣਾ, ਕੋਟਾ ਤੋਂ ਗੁਰਮੁਖ ਪਿਆਰੇ ਦਰਸ਼ਨ ਦੇ ਕੇ ਕੀਰਤਨ ਕੁਲਾਹਲ ਦੀਆਂ ਘੁਮਰਾਂ ਪਾਣਗੇ।

ਆਪ ਜੀ ਦੇ ਦਾਸਰੇ—
ਨਿਰਬਾਣ ਕੀਰਤਨੀ ਜਥਾ, ਬਰੇਲੀ

www.AKJ.Org

ਇਕ ਇਤਿਹਾਸਕ ਵਿਚਾਰ—ਲੜੀ ਨੰ: ੨

# ਕੀ ਸ੍ਰੀ ਦਸਮੇਸ਼ ਜੀ ਨੇ ਪੰਜ ਬਕਰੇ ਝਟਕਾਏ ?

( ਇਕ ਇਤਿਹਾਸਕ ਖੋਜੀ ਦੀ ਕਲਮ ਤੋਂ )

ਗੈਰ-ਸਿਖ ਲਿਖਾਰੀਆਂ ਨੇ ਤਾਂ ਲਿਖਿਆ ਹੀ ਹੈ ਪਰ ਅਜੋਕੇ ਸਿਖ ਵਿਦਵਾਨਾਂ ਨੇ ਵੀ ਸਿਖ ਇਤਿਹਾਸ ਲਿਖਦਿਆਂ ਇਹ ਗਲਤ ਵਿਚਾਰ ਆਮ ਲਿਖ ਦਿਤਾ ਹੈ ਕਿ ਸ੍ਰੀ ਦਸਮੇਸ਼ ਜੀ ਨੇ ਵਿਸਾਖੀ ਵਾਲੇ ਦਿਨ ਪੰਜ ਬਕਰੇ ਝਟਕਾਏ। ਜਿਵੇਂ ਪ੍ਰੋਫੈਸਰ ਭਗਤ ਸਿੰਘ ਐਮ.ਏ. ਨੇ ਰਾਸ਼ਟਰ ਵੀਰ ਗੁਰੂ ਗੋਬਿੰਦ ਸਿੰਘ ਦੀ ਪੁਸਤਕ ਲਿਖਦਿਆਂ ਹੋਇਆਂ 'ਸੀਸ ਦੀ ਅਨੋਖੀ ਮੰਗ' ਵਾਲੇ ਹੈਡਿੰਗ ਹੇਠ ਇਹ ਲਾਈਨਾਂ ਲਿਖੀਆਂ ਹਨ—

'ਤੀਜੀ ਵਾਰੀ ਆਪਣੀ ਮੰਗ ਦੁਹਰਾਉਣ ਤੇ 30 ਸਾਲ ਦੀ ਉਮਰ ਦਾ ਲਾਹੌਰ ਦਾ ਇਕ ਖਤਰੀ ਦਯਾ ਰਾਮ ਹੱਥ ਜੋੜ ਕੇ ਆਪਣੀ ਥਾਂ ਤੇ ਉਠ ਖੜੋਤਾ ਤੇ ਬੜੀ ਨਿੰਮਰਤਾ ਨਾਲ ਗੁਰੂ ਜੀ ਦੀ ਚਮਕਦਾਰ ਤੇ ਖ਼ੂਨ ਪਿਆਸੀ ਸ਼ਮਸ਼ੀਰ ਲਈ ਆਪਣੇ ਆਪ ਨੂੰ ਭੇਂਟ ਕੀਤਾ। ਗੁਰੂ ਸਾਹਿਬ ਨੇ ਦਯਾ ਰਾਮ ਨੂੰ ਬਾਹੋਂ ਫੜਿਆ ਤੇ ਤੰਬੂ ਅੰਦਰ ਲੈ ਗਏ। ਦਯਾ ਰਾਮ ਨੂੰ ਅੰਦਰ ਬਿਠਾ ਦਿਤਾ। ਉਥੇ ਕੁਝ ਬਕਰੇ ਲਿਆਕੇ ਬੰਨੇ ਹੋਏ ਸਨ। ਬੜੇ ਜ਼ੋਰ ਦਾ ਵਾਰ ਬਾਹਰ ਸੁਣਾਈ ਦਿਤਾ। ਬਕਰੇ ਦੀ ਗਰਦਨ ਕਟੀ ਗਈ। ਬਕਰਿਆਂ ਦੇ ਤੰਬੂ ਅੰਦਰ ਬੰਨ੍ਹਣ ਦਾ ਸਿਖਾਂ ਨੂੰ ਕੋਈ ਇਲਮ ਨਹੀਂ ਸੀ।'

(ਨਵੰਬਰ 64 ਦੇ ਐਡੀਸ਼ਨ ਵਿਚੋਂ)

ਇਸੇ ਤਰਾਂ ਸਿਖ ਵਿਦਵਾਨ ਪ੍ਰੋ: ਕਰਤਾਰ ਸਿੰਘ ਨੇ ਜੀਵਨ ਕਥਾ ਗੁਰੂ ਗੋਬਿੰਦ ਸਿੰਘ ਜੀ ਦੀਆਂ ਪਹਿਲੀਆਂ ਐਡੀਸ਼ਨਾਂ ਵਿਚ ਬਕਰਿਆਂ ਵਾਲੀ ਗਲ ਸਾਫ ਲਿਖੀ ਹੈ ਭਾਵੇਂ ਹੁਣ ਦੀ ਤਾਜ਼ੀ ਐਡੀਸ਼ਨ ਵਿਚ 'ਪੰਜ ਪਿਆਰੇ' ਦੇ ਸਿਰਲੇਖ ਹੇਠ ਅਖੀਰ ਤੇ ਇਹ ਸ਼ੰਕਾਵਾਦੀ ਲਾਈਨ ਲਿਖੀ ਹੈ— 'ਉਹ ਤਾਂ ਤਲਵਾਰ ਭੇਂਟ ਹੋ ਚੁਕੇ ਸਨ। ਕੀ ਮਹਾਰਾਜ ਨੇ ਉਨ੍ਹਾ ਨੂੰ ਜੀਵਾਲ ਲਿਆ ?'

ਇਸੇ ਤਰਾਂ ਅੰਗਰੇਜ਼ੀ ਵਿਚ ਲਿਖੀਆਂ ਪੁਸਤਕਾਂ ਵਿਚ ਵੀ ਪੰਜ ਬਕਰਿਆਂ ਵਾਲੀ ਘਟਨਾ ਆਮ ਹੀ ਲਿਖੀ ਗਈ ਹੈ। ਹੁਣ ਇਹਨਾਂ ਪੰਨਿਆਂ ਰਾਹੀਂ ਸਿਖ ਇਤਿਹਾਸ ਅਤੇ ਗੁਰਬਾਣੀ ਦੇ ਆਧਾਰ ਤੇ ਮੈਂ ਪਾਠਕਾਂ ਨਾਲ ਖੁਲ੍ਹੀ ਵਿਚਾਰ ਕਰਾਂਗਾ ਕਿ ਕੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਬਕਰੇ ਝਟਕਾਏ ਜਾਂ ਪੰਜਾਂ ਸਿਖਾਂ ਦਾ ਸੀਸ ਝਟਕਾ ਕੇ ਉਹਨਾਂ ਨੂੰ ਨਵਾਂ-ਜਨਮ ਦਿਤਾ। ਜੇ ਇਹ ਵਿਚਾਰ ਮੰਨ ਲਿਆ ਜਾਵੇ ਕਿ ਸ੍ਰੀ ਦਸਮੇਸ਼ ਜੀ ਨੇ ਪੰਜ ਸਿਖਾਂ ਤੋਂ ਸੀਸ ਮੰਗੇ, ਪਰ ਨਾਲ ਲਗਦੇ ਤਬੂ ਵਿਚ ਲਿਜਾ ਕੇ ਉਹਨਾਂ ਨੂੰ ਨਹੀਂ ਝਟਕਾਇਆ, ਸਗੋਂ ਪੰਜ ਬਕਰਿਆਂ ਦੇ ਸਿਰ ਵੱਢੇ ਅਤੇ ਪੰਜਾਂ ਸਿੱਖਾਂ ਨੂੰ ਖਾਸ ਵਰਦੀ ਪੁਆਕੇ ਬਾਹਰ ਲੈ ਆਂਦਾ, ਤਾਂ ਇਸ ਸਾਰੀ ਖੇਡ ਤੋਂ ਇਹ ਪ੍ਰਗਟ ਹੋਵੇਗਾ ਕਿ ਗੁਰੂ

www.AKJ.Org

ਗੋਬਿੰਦ ਸਿੰਘ ਜੀ ਕਹਿਣੀ ਤੇ ਕਰਨੀ ਦੇ ਪੂਰੇ ਨਹੀਂ ਸਨ, ਕਿਉਂਕਿ ਬਾਹਰ ਤਾਂ ਸੰਗਤ ਵਿਚੋਂ ਖਾਲਸਾ ਪੰਥ ਦੀ ਸੰਪੂਰਨਤਾ ਲਈ, ਦੇਸ਼ ਕੌਮ ਦੀ ਕਲਿਆਣ ਲਈ, ਪੰਜ ਸੀਸ ਮੰਗ ਰਹੇ ਹਨ ਪਰ ਤੰਬੂ ਦੇ ਅੰਦਰ ਪੰਜ ਬਕਰਿਆਂ ਦੇ ਸਿਰ ਲਾਹ ਕੇ ਲਹੂ ਦੀ ਧਾਰਾ ਵਗਦੀ ਦਿਖਾ ਰਹੇ ਹਨ। ਬਾਹਰ ਮਨੁਖਾਂ ਜਾਂ ਸਿਖਾਂ ਦੇ ਸਿਰਾਂ ਦੀ ਮੰਗ ਕਰਨਾ, ਪਰ ਅੰਦਰ ਬਕਰੇ ਝਟਕਾਉਣਾ—ਕਹਿਣੀ ਤੇ ਕਰਨੀ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਪ੍ਰਗਟ ਕਰਦਾ ਹੈ ਜਾਂ ਸਪਸ਼ਟ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਦਸਮੇਸ਼ ਪਿਤਾ ਜੀ ਕਹਿੰਦੇ ਕੁਝ ਹੋਰ ਸਨ ਅਤੇ ਕਰਦੇ ਕੁਝ ਹੋਰ ਸਨ। ਪਰ ਗੁਰੂ ਸਾਹਿਬ ਦਾ ਸਾਰਾ ਜੀਵਨ ਪੜ੍ਹਿਆਂ ਇਹ ਚੰਗੀ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਕੁਝ ਕਿਹਾ, ਕਰਕੇ ਦਿਖਾਇਆ। ਖਾਲਸਾ ਪੰਥ ਦੀ ਸੰਪੂਰਨਤਾ ਵੇਲੇ ਗੁਰੂ ਜੀ ਨੇ ਉਪਦੇਸ਼ ਦਿਤਾ ਕਿ ਮੇਰਾ ਖਾਲਸਾ ਅਕਾਲ ਪੁਰਖ ਵਾਹਿਗੁਰੂ ਤੋਂ ਬਿਨਾਂ ਕਿਸੇ ਦੇਵੀ ਦੇਵਤੇ ਨੂੰ ਨਾ ਪੂਜੇ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਕਿਸੇ ਹੋਰ ਨੂੰ ਨਮਸਕਾਰ ਨ ਕਰੇ। ਇਹ ਉਪਦੇਸ਼ ਕੇਵਲ ਦਿਤਾ ਹੀ ਨਹੀਂ, ਸਗੋਂ ਅਮਲੀ ਜੀਵਨ ਵਿਚ ਕਰਕ ਦਿਖਾਇਆ।

ਸਿਖ ਇਤਿਹਾਸ ਅਨੁਸਾਰ ਇਕ ਵਾਰੀ ਗੁਰੂ ਜੀ ਆਪਣੇ ਕੁਝ ਸਿੰਘ ਸਾਥੀਆਂ ਸਮੇਤ ਕਿਸੇ ਮੁਸਲਮਾਨ ਪੀਰ ਦਾਦੂ ਦੀ ਕਬਰ ਕੋਲੋਂ ਲੰਘ ਰਹੇ ਸਨ, ਆਪ ਨੇ ਆਪਣੇ ਤੀਰ ਨਾਲ ਉਸ ਕਬਰ ਨੂੰ ਨਮਸਕਾਰ ਕੀਤੀ। ਸਾਥੀ ਸਿੰਘਾਂ ਨੇ ਆਪ ਜੀ ਨੂੰ ਤਨਖ਼ਾਹੀਆ ਕਰਾਰ ਦਿਤਾ ਕਿਉਂਕਿ ਇਹ ਤੱਤ ਗੁਰਮਤਿ ਦੇ ਉਲਟ ਸੀ। ਗੁਰੂ ਸਾਹਿਬ ਨੇ ਆਪਣੀ ਭੁਲ ਮੰਨ ਲਈ ਅਤੇ ਸਿੰਘਾਂ ਵਲੋਂ ਲਾਈ ਤਨਖ਼ਾਹ ਅਨੁਸਾਰ ਸੌ ਰੁਪੈ ਦਾ ਕੜਾਹ-ਪ੍ਰਸ਼ਾਦ ਬਣਾ ਕੇ ਸੰਗਤਾਂ ਨੂੰ ਛਕਾਇਆ। ਭਾਵੇਂ ਗੁਰੂ ਸਾਹਿਬ ਨੇ ਇਹ ਕੌਤਕ ਕੇਵਲ ਸਿੰਘਾਂ ਦੀ ਪਰਖ ਲਈ ਵਰਤਿਆ ਪਰ ਇਹ ਗਲ ਸਾਫ ਪ੍ਰਗਟ ਹੈ ਕਿ ਗੁਰੂ ਸ਼ਾਹਿਬ ਜੋ ਹੁਕਮ ਜਾਂ ਉਪਦੇਸ਼ ਸੰਗਤਾਂ ਨੂੰ ਦਿੰਦੇ ਸਨ, ਉਸ ਉਤੇ ਆਪ ਅਮਲ ਕਰਦੇ ਸਨ।

ਖਾਲਸਾ ਪੰਥ ਦੀ ਸੰਪੂਰਨਤਾ ਪਿਛੋਂ ਗੁਰੂ ਸਾਹਿਬ ਪੰਜ ਪਿਆਰਿਆਂ ਤੋਂ ਅੰਮ੍ਰਿਤ ਲੈਕੇ ਆਪ ਖਾਲਸੇ ਵਿਚ ਅਭੇਦ ਹੋਏ ਅਤੇ ਫੁਰਮਾਇਆ ਕਿ ਜਿਥੇ ਪੰਜ ਸਿੰਘ ਅਰਦਾਸ ਕਰਨਗੇ, ਅਸੀਂ ਵਿਚ ਹਾਜ਼ਰ ਹੋਵਾਂਗੇ। ਪੰਜ ਸਿੰਘ ਦੇ ਰੂਪ ਵਿਚ ਖਾਲਸਾ ਪੰਥ ਦਾ ਹੁਕਮ ਸਿਰ ਮੱਥੇ ਉਤੇ ਮੰਨਾਂਗੇ। ਜਦੋਂ ਚਮਕੌਰ ਦੀ ਗੜ੍ਹੀ ਵਿਚ ਪੰਜ ਸਿੰਘਾਂ ਨੇ ਹੁਕਮ ਦਿਤਾ ਕਿ ਰਾਤੋਂ ਰਾਤ ਗੜ੍ਹੀ ਛਡ ਦਿਉ ਤਾਂ ਗੁਰੂ ਜੀ ਨੇ ਇਸ ਹੁਕਮ ਨੂੰ ਗੁਰੂ ਪੰਥ ਦਾ ਹੁਕਮ ਮੰਨਿਆ ਅਤੇ ਗੜ੍ਹੀ ਛਡ ਦਿਤੀ। ਭਾਵੇਂ ਆਪ ਦਾ ਇਰਾਦਾ ਸੀ ਕਿ ਸਨਮੁਖ ਹੋਕੇ ਸ਼ਹੀਦ ਹੋਇਆ ਜਾਵੇ।

ਗੁਰੂ ਸਾਹਿਬ ਦੀਆਂ ਇਨ੍ਹਾਂ ਜੀਵਨ-ਘਟਨਾਵਾਂ ਤੋਂ ਭਲੀ ਭਾਂਤ ਸਿੱਧ ਹੁੰਦਾ ਹੈ ਦਸ਼ਮੇਸ਼ ਗੁਰੂ ਜੀ ਕਹਿਣੀ ਤੇ ਕਰਨੀ ਦੇ ਪੂਰੇ ਗੁਰੂ ਸਨ। ਦਸ਼ਮੇਸ਼ ਪਿਤਾ ਨੇ ਆਪਣੇ ਖਾਲਸੇ ਨੂੰ ਉਪਦੇਸ਼ ਦਿਤਾ ਕਿ ਮੇਰਾ ਖਾਲਸਾ ਜ਼ਬਰ, ਜ਼ੁਲਮ, ਅਨਿਆਇ ਅਗੇ ਕਦੀ ਨਹੀਂ ਝੁਕੇਗਾ ਅਤੇ ਇਨ੍ਹਾਂ ਵਿਰੁਧ ਲੜਦਾ ਹੋਇਆ ਸ਼ੁਭ ਕਰਮ ਲਈ, ਸੱਚ ਲਈ ਆਪਣਾ ਆਪ ਵਾਰ ਦੇਵੇਗਾ। ਜੋ ਹੁਕਮ ਗੁਰੂ ਜੀ ਨੇ ਆਪਣੇ ਖਾਲਸੇ ਨੂੰ ਦਿਤਾ, ਉਹ ‡

www.AKJ.Org

# ਅਦੁਤੀ ਸਮਾਗਮ

ਸੰਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਪਿੰਡ ਵੜੈਚ ਵਿਚ ਭਾਈ ਮੂਲਖਾ ਸਿੰਘ ਜੀ ਦੇ ਗ੍ਰਹਿ ਵਿਖੇ ਸ੍ਰੀ ਅਖੰਡ ਪਾਠ ਅੰਮ੍ਰਿਤ ਸਮਾਗਮ ਤੇ ਰੈਣ ਸਬਾਈ ਕੀਰਤਨ ਦਾ ਅਦੁਤੀ ਸਮਾਗਮ ਹੋ ਰਿਹਾ ਹੈ। ਸੋ ਗੁਰਦਾਸਪੁਰ ਦੀ ਸੰਗਤ ਵਲੋਂ ਤਰਲਾ ਹੈ ਕਿ ਇਸ ਸੁਕੀ ਬੰਜਰ ਔੜ ਮਾਰੀ ਧਰਤੀ ਤੇ ਨਾਮ ਦਾ ਮੀਂਹ ਵਰਸਾਉਣ ਲਈ ਆਇ ਦੀਦਾਰ ਬਖਸ਼ੋ ਜੀਓ।

—: ਪਰੋਗਰਾਮ :—

ਅਰੰਭ ਸ੍ਰੀ ਅਖੰਡ ਪਾਠ 6 ਜੂਨ 8 ਵਜੇ ਸਵੇਰੇ

ਮਧ " " " 7 ਜੂਨ 6 ਵਜੇ ਸਵੇਰ

ਭੋਗ ਸ੍ਰੀ ਅਖੰਡ ਪਾਠ 8 ਜੂਨ 6 ਵਜੇ ਸਵੇਰੇ

ਉਪਰੰਤ ਕੀਰਤਨ ਆਸਾ ਦੀ ਵਾਰ 12 ਵਜੇ ਤਕ

ਅੰਮ੍ਰਿਤ ਸਮਾਗਮ ਰੈਣ ਸਬਾਈ ਦੀ ਰਾਤ ਛਨਿਛਰਵਾਰ ਨੂੰ ਸ਼ਾਮ ਦੇ 4 ਵਜੇ ਤੋਂ ਅਰੰਭ ਹੋਵੇਗਾ।

ਅੰਮ੍ਰਿਤ ਅਭਿਲਾਖੀ ਸਜਣ ਪੰਜਾਂ ਕਕਾਰਾਂ ਦੀ ਰਹਿਤ ਵਿਚ ਤਿਆਰ ਬਰ ਤਿਆਰ ਹੋ ਕੇ ਸਮੇਂ ਸਿਰ ਪੁਜਣ ਦੀ ਕਿਰਪਾਲਤਾ ਕਰਨ।

ਨੋਟ:—ਪਿੰਡ ਵੜੈਚ ਗੁਰਦਾਸਪੁਰ ਤੋਂ ਸ੍ਰੀ ਹਰਿਗੋਬਿੰਦ ਪੁਰ ਨੂੰ ਜਾਣ ਵਾਲੀ ਸੜਕ ਦੇ ਐਨ ਉਤੇ 12 ਵੇਂ ਮੀਲ ਤੇ ਹੈ। ਬਸਾਂ ਸ੍ਰੀ ਹਰਿਗੋਬਿੰਦ ਪੁਰ ਤੇ ਗੁਰਦਾਸਪੁਰ ਤੋਂ ਸ਼ਾਮ ਦੇ ਸਾਢੇ 5 ਵਜੇ ਤਕ ਘੰਟੇ ਘੰਟੇ ਦੀ ਵਿਥ ਮਗਰੋਂ ਚਲਦੀਆਂ ਰਹਿੰਦੀਆਂ ਹਨ।

ਸਰਬਤ ਸੰਗਤਾਂ ਦੀ ਧੂੜ—
ਨਿਰਬਾਣ ਕੀਰਤਨੀ ਜਥਾ ਗੁਰਦਾਸਪੁਰ

---

‡ ਪਹਿਲਾਂ ਤੇ ਪਿਛੋਂ ਆਪ ਕਰਕੇ ਵਿਖਾਇਆ। ਆਪ ਨੇ ਸਾਰੀ ਉਮਰ ਸੱਚ ਨੂੰ ਉਭਾਰਨ ਲਈ, ਸੱਚੇ ਨਾਮ ਦਾ ਡੰਕਾ ਵਜਾਉਣ ਲਈ, ਜਨਤਾ ਦੇ ਹੱਕਾਂ ਦੀ ਰਾਖੀ ਲਈ ਜੋ ਕੁਝ ਕੀਤਾ, ਉਹ ਸੰਸਾਰ ਤੋਂ ਗੁਝਾ ਨਹੀਂ। ਜੇ ਆਪ ਚਾਹੁੰਦੇ ਤਾਂ ਗੁਰੂ ਨਾਨਕ ਦੇਵ ਜੀ ਦੀ ਗਦੀ ਉੱਤੇ ਸ਼ਸ਼ੋਭਤ ਰਹਿੰਦੇ ਹੋਏ ਸੁੱਖ ਅਰਾਮ ਦੀ ਜ਼ਿੰਦਗੀ ਬਿਤਾ ਸਕਦੇ ਸਨ, ਸੰਸਾਰਕ ਬਾਦਸ਼ਾਹਾਂ ਤਰ੍ਹਾਂ ਸਾਰੀ ਉਮਰ ਛਤਰ ਝੁਲਾ ਸਕਦੇ ਸਨ। ਪਰ ਸੰਤਾਂ ਨੂੰ ਉਭਾਰਨ ਲਈ, ਦੁਸ਼ਟਾਂ ਨੂੰ ਪਛਾੜਨ ਲਈ, ਸੱਚ ਧਰਮ ਨੂੰ ਉਚਿਆਣ ਲਈ, ਸੁੱਤੇ ਹਿੰਦੀਆਂ ਵਿਚ ਅਣਖ ਭਰਨ ਲਈ ਆਪ ਨੇ ਖੰਡੇ ਦੀ ਧਾਰ ਉਤੇ ਤੁਰਨਾ ਪਰਵਾਨ ਕੀਤਾ ਅਤੇ ਆਪਣਾ ਸਭ ਕੁਝ ਇਸ ਸ਼ੁਭ ਕਾਰਜ ਲਈ ਵਾਰ ਦਿਤਾ। ਜੋ ਕੁਝ ਉਨ੍ਹਾਂ ਆਪਣੇ ਖਾਲਸੇ ਨੂੰ ਉਪਦੇਸ਼ਿਆ, ਜਿਹੋ ਜਿਹਾ ਜੀਵਨ ਆਪਣੇ ਆਦਰਸ਼ ਖਾਲਸੇ ਨੂੰ ਜੀਊਣ ਲਈ ਪ੍ਰੇਰਿਆ, ਉਹੋ ਜਿਹਾ ਜੀਵਨ ਪਹਿਲਾਂ ਆਪ ਜੀਉਂ ਕੇ ਵਿਖਾਇਆ। ਇਹ ਸਭ ਕੁਝ ਇਸ ਲਈ-ਕਿਉਂਕਿ ਸਾਡੇ ਦਸ਼ਮੇਸ਼ ਪਿਤਾ ਕਹਿਣੀ ਤੇ ਕਰਨੀ ਦੇ ਪੂਰੇ ਸਤਿਗੁਰੂ ਸਨ। (ਚਲਦਾ)

* * *

www.AKJ.Org

# ਗੁਰਸਿਖੀ ਤੇ ਅਜ ਦਾ ਸਿਖ

( ਭਾਈ ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰੀ, ਹਾਲ ਪਟਿਆਲਾ )

ਗੁਰ ਨਾਨਕ ਤੋਂ ਸਾਰੇ ਸਤਿਗੁਰ ਕਰਦੇ ਰਹੇ ਤਿਆਰੀ।
ਕਲਗੀਧਰ ਜੀ ਸੋਚ ਸਮਝ ਕੇ ਦਿਤੀ ਰੈਹਤ ਪਿਆਰੀ।
ਪਰ ਅਜ ਨੁਕਤਾਚੀਨੀ ਕਰ ਕਰ ਬਣਦਾ ਰਹਿਣਾ ਚਾਤਰ,
'ਕਿਰਤੀ' ਜਨਮ ਮਨੁਖਾ ਪਾ ਕੇ ਜਿੱਤੀ ਬਾਜ਼ੀ ਹਾਰੀ।

ਇਹ ਸਮਝੇ ਮੈਂ ਬੜੀਆਂ ਪੜੀਆਂ ਨਾਵਲ ਅਤੇ ਕਿਤਾਬਾਂ।
ਏਹ ਸਮਝੇ ਰੱਬ ਵੀ ਮਿਲ ਪੈਂਦਾ ਪੜ ਪੜ ਨਵੇਂ ਹਸਾਬਾਂ।
ਭੋਲੇ ਭਾਏ ਮਿਲੇ ਰਘੁਰਾਇਆ ਇਹ ਮੂਰਖ ਨਾ ਜਾਨੇ,
ਕ੍ਰਿਤੀ ਇਲਮ ਉਹ ਪੜ੍ਹਿਆ ਹੀ ਨਾ ਲੋਂਦਾ ਜਿਸਦੀਆਂ ਖ਼ਾਬਾਂ।

ਕਲਗੀਧਰ ਜੀ ਅੰਮ੍ਰਿਤ ਦਿਤਾ ਕਰ ਕਰ ਹੱਥ ਅਗਾਂਹ।
ਮੈਂ ਲੀਤਾ ਉਸ ਦਾਤੇ ਪਾਸੋਂ ਕਰ ਕਰ ਹੱਥ ਹਿਠਾਂਹ।
ਜੋ ਜੋ ਦਿਤਾ ਉਸ ਨੇ ਕੋਈ ਹੋਰ ਨਹੀਂ ਦੇ ਸਕੇ।
ਪਰ 'ਕਿਰਤੀ' ਏਹ ਸਮਝ ਨਾ ਸਕੋਂ ਕੀਕਰ ਸਾਂਭ ਰਖਾਂਹ।

ਕੱਛ, ਕੜਾ, ਕਿਰਪਾਨ ਤੇ ਕੰਘਾ ਵੇਖ ਵੇਖ ਘਬਰਾਂਦਾ।
ਕੀ ਕੀ ਫ਼ਾਇਦਾ ਇਹਨਾਂ ਵਿਚੋਂ ਵਾਂਗ ਵਪਾਰੀ ਚਾਂਹਦਾ।
ਇਹ ਨਾ ਜਾਣੇ ਜਿਸ ਇਹ ਦਿਤੇ ਉਹ ਸੀ ਕੇਡ ਸਿਆਣਾ,
ਕਿਰਤੀ ਵਿਚ ਭੁਲੇਖੇ ਚਾਤਰ ਬਣ ਬਣ ਧੋਖਾ ਖਾਂਦਾ।

ਕਰ ਕਿਰਪਾ ਜੇ ਆਪੇ ਰਖੇ ਲਾ ਕੇ ਆਪਣੀ ਚਰਨੀਂ।
ਤਾਂ ਹੀ ਮਿਲਦੀ ਦਾਤ ਸਿਖੀ ਦੀ ਹੋਰ ਨਾ ਕੋਈ ਕਰਨੀ।
ਮੈਂ ਮੂਰਖ ਦੀ ਗਲ ਕੀ ਏਥੇ ਭੁਲ ਭੁਲ ਜਾਣ ਸਿਆਣੇ,
'ਕਿਰਤੀ' ਸਤਿਗੁਰ ਆਪੇ ਰਖੇ ਬਿਖਮ ਨਦੀ ਜਾਏ ਤਰਨੀ।

ਬੇਸ਼ਕ ਇਸ ਬੇੜੇ ਤੇ ਚੜਨਾ ਦਿਸੇ ਕੰਮ ਚੰਗੇਰਾ।
ਸੋਚ ਸਮਝ ਦੀ ਲੋੜ ਬੜੀ ਹੈ ਕਿਉਂਕਿ ਹੈ ਉਖੇਰਾ।
ਪਰ ਜਿਨ੍ਹਾਂ ਨੂੰ ਕਿਰਪਾ ਕਰ ਗੁਰ ਆਪੇ ਚਰਨੀਂ ਲਾਵਨ,
ਕਿਰਤੀ ਪਾਸ ਬਿਠਾਵਨ ਆਖਣ ਤੂੰ ਮੇਰਾ, ਮੈਂ ਤੇਰਾ।

ਕਚੇ ਗੁਰੂਦਵਾਰੇ ਸਨ ਤਾਂ ਮਨ ਓਦੋਂ ਸਨ ਪੱਕੇ।
ਪੱਕੇ ਗੁਰੂਦਵਾਰੇ ਬਣ ਗਏ ਮਨ ਕਿਉਂ ਹੋ ਗਏ ਕੱਚੇ।
ਹੇ ਸਤਿਗੁਰ ਜੀ ਕਿਰਪਾ ਕਰਕੇ ਕਢੋ ਆਨ ਬੁਰਾਈ,
'ਕਿਰਤੀ' ਵੇਖੋ ਫੁਟ ਕਿਸ ਤਰਾਂ ਵਿਚ ਪੰਥ ਦੇ ਨੱਚੇ।


www.AKJ.Org

ਪੱਥਰ ਨੇ ਤਾਂ ਪੰਜੇ ਤਾਈਂ ਛਾਤੀ ਨਾਲ ਰਖਾਇਆ।
ਉਸ ਪੱਥਰ ਨੂੰ ਤਾਂਹੀ ਸਾਰੀ ਦੁਨੀਆਂ ਸੀਸ ਨਵਾਇਆ।
ਪਰ ਪੱਥਰਾਂ ਤੋਂ ਭੈੜੇ ਹੋ ਗਏ ਦਿਲ ਸਾਡੇ ਅਜ ਕਿਰਤੀ,
ਇਸ ਮਾਇਆ ਤੇ ਹਉਮੈਂ ਫੜ ਕੇ ਥਾਂ ਥਾਂ ਖ਼ੂਬ ਨਚਾਇਆ।

ਹਾਰਨ ਨਾਲੋਂ ਜਿਤਣ ਔਖਾ ਜਿੱਤਣ ਨਾਲੋਂ ਜਰਨਾ।
ਜਰਨੋਂ ਔਖਾ ਦੁਸ਼ਮਨ ਨੂੰ ਵੀ ਮਾਫ਼ ਸਗੋਂ ਚਾ ਕਰਨਾ।
ਗੁਰਸਿਖੀ ਦੀ ਰੀਤ ਨਿਰਾਲੀ ਇਹ ਸੀ ਵੇਖੀ ਕਿਰਤੀ,
ਸਭ ਕੁਝ ਕਰਕੇ ਵੀ ਇਸ ਹਉਮੈ ਦੀ ਅਗਨੀ ਤੋਂ ਡਰਨਾ।

ਪੜ੍ਹਨਾ ਔਖਾ ਸਮਝਨ ਲੋਕੀ ਪੜਨੇ ਨਾਲੋਂ ਗੁੜ੍ਹਨਾ।
ਪੜ ਗੁੜ੍ਹ ਕੇ ਫਿਰ ਓਹਦੂੰ ਮੁਸ਼ਕਲ ਗੁਰ ਚਰਨਾਂ ਸੰਗ ਜੁੜਨਾ।
ਗੁਰਸਿਖੀ ਦੀ ਰੀਤ ਨਿਰਾਲੀ ਪਰ ਦੁਨੀਆਂ ਤੇ 'ਕਿਰਤੀ',
ਸਭ ਕੁਝ ਕਰਕੇ ਇਸ ਜੁਗ ਅੰਦਰ ਬੁਰਿਆਈਆਂ ਤੋਂ ਮੁੜਨਾ।

---

## ਸੱਦਾ-ਪੱਤਰ

ਸੂਬ ਸੰਗਤਾਂ ਨੂੰ ਵਿਦਤ ਹੋਵੇ ਕਿ ਪਿਛਲੇ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਚੰਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦ ਸ਼ਹੀਦੀ ਦਿਵਸ ਤੇ ਮਥਰਾ ਵਿਖੇ ਅਖੰਡ ਕੀਰਤਨੀ ਜਥੇ ਵਲੋਂ ਕੀਰਤਨ ਸਮਾਗਮ ਦੇ ਅਰਸ਼ੀ ਨਜ਼ਾਰੇ ਸਜਣੇ ਹਨ ਸੂਬਤ ਸੰਗਤਾਂ ਦੇ ਚਰਨਾਂ ਵਿਖੇ ਸਨਿਮ੍ਰ ਬੇਨਤੀ ਹੈ ਕਿ ਦਰਸ਼ਨ ਦੇ ਕੇ ਨਿਹਾਲ ਕਰੋ ਜੀ।

* ਪ੍ਰੋਗਰਾਮ *

30-5-68 ਸਵੇਰੇ ਕੀਰਤਨ ਆਸਾ ਦੀ ਵਾਰ ਚਲ ਸੋ ਚਲ।
30-5-68 ਸ਼ਾਮ ਕੀਰਤਨ ਸੋਦਰ ਤੋਂ ਬਾਦ ਕੀਰਤਨ 9-30 ਤਕ।
31-5-68 ਸਵੇਰੇ ਕੀਰਤਨ ਆਸਾ ਦੀ ਵਾਰ ਆਰੰਭ ਚਲ ਸੋ ਚਲ।
31-5-68 ਸ਼ਾਮ ਸੋਦਰ ਤੋਂ ਬਾਦ ਕੀਰਤਨ 9-30 ਤਕ।
1-6-68 ਸਵੇਰੇ 5 ਵਜੇ ਕੀਰਤਨ ਆਸਾ ਦੀ ਵਾਰ ਚਲ ਸੋ ਚਲ।
1-6-68 ਸ਼ਾਮ ਸੋਦਰ ਤੋਂ ਬਾਦ ਕੀਰਤਨ ਰੈਣ ਸਬਾਈ ਆਰੰਭ।
2-6-68 ਸਵੇਰੇ 8-30 ਸੰਪੂਰਨ ਸਮਾਪਤੀ

ਅੰਮ੍ਰਿਤ ਸੰਚਾਰ 1-6-68 ਸ਼ਾਮ 5 ਵਜੇ ਸ਼ੁਰੂ ਅੰਮ੍ਰਿਤ ਅਭਿਲਾਖੀ ਕਕਾਰਾਂ ਸਮੇਤ ਤਿਆਰ ਬਰ ਤਿਆਰ ਹੋਕੇ ਸਮੇਂ ਤੇ ਪੁਜਣ।

ਬਿਸਤਰੇ ਲੋੜ ਅਨੁਸਾਰ ਲਿਆਉਣ ਦੀ ਕਿਰਪਾ ਕਰਨੀ ਜੀ ਇਹ ਸਾਰਾ ਪਰੋਗਰਾਮ ਗੁਰਦੁਆਰਾ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਮਥਰਾ ਵਿਖੇ ਹੋਵੇਗੇ।

ਸੰਗਤਾਂ ਦਾ ਉਤਾਰਾ ਵੀ ਸਿੰਘ ਸਭਾ ਮਥਰਾ ਵਿਖੇ ਹੋਵੇਗਾ।

ਪੁਛ ਗਿਛ ਲਈ ਦਾਸ ਲਾਭ ਸਿੰਘ ਮਾਨ ਸਿੰਘ ਮਥਰਾ।

ਦਰਸ਼ਨ ਅਭਿਲਾਖੀ—ਸੂਬਤ ਸੰਗਤ ਮਥਰਾ


www.AKJ.org



[ ਇਕ ਗੁਰਮਤਿ ਖੋਜੀ ਦੀ ਕਲਮ ਤੋਂ ]

ਪ੍ਰਸ਼ਨ—'ਕੇਸ ਧਰੇ ਨ ਮਿਲੇ ਹਰਿ ਪਿਆਰੇ' ਕੀ ਇਸ ਤੁਕ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਕੇਸਾਂ ਨੂੰ ਪੂਰੇ ਰਖਣਾ ਗੈਰ ਜ਼ਰੂਰੀ ਨਹੀਂ ਦਸਿਆ ? (ਇਕ ਪਾਠਕਾ)

ਉਤਰ—ਗੁਰਮੁਖ ਸਖੀ—ਤੁਸਾਂ ਇਸ ਤੁਕ ਦੇ ਅਰਥ ਠੀਕ ਨਹੀਂ ਸਮਝੇ। ਸਵਯੇ ਦੇ ਇਸ ਸ਼ਬਦ ਨੂੰ ਧਿਆਨ ਨਾਲ ਵਿਚਾਰੋ। ਗੁਰਦੇਵ ਪਿਤਾ ਜੀ ਨੇ ਬਨੌਟੀ ਕਰਮ ਕਾਂਢਾ ਦਾ ਖੰਡਨ ਕੀਤਾ ਹੈ। ਕੇਵਲ ਤੀਰਥ ਨਹਾਉਣ ਨਾਲ, ਦਾਨ ਦੇਣ ਤੇ ਬਰਤ ਰਖਣ ਨਾਲ, ਸਿਰ ਉਤੇ ਬਨੌਟੀ ਜਟਾਂ ਧਾਰ ਕੇ ਜਾਂ ਰਖ ਕੇ ਦੇਸਾਂ ਪ੍ਰਦੇਸ਼ਾਂ ਵਿਚ ਫਿਰਨ ਨਾਲ ਜਾਂ ਕਈ ਤਰ੍ਹਾਂ ਦੇ ਜੋਗੀ ਆਸਣ ਕਰਨ ਨਾਲ ਪਿਆਰਾ ਪ੍ਰੀਤਮ ਨਹੀਂ ਮਿਲਦਾ ਅਕਾਲ ਭਜੇ ਬਿਨ ਸਾਰੇ ਕਰਮ ਨਿਸਫਲ ਹਨ। ਕੇਸਾਂ ਵਲੋਂ ਕੁਦਰਤੀ ਤੌਰ ਤੇ ਸਾਬਤ ਸੂਰਤ ਰਹਿਣਾ ਹਰ ਗੁਰੂ ਪਿਆਰੇ ਲਈ ਜ਼ਰੂਰੀ ਹੈ। ਸਗੋਂ ਕਟ ਮੁੰਨ ਕੇ ਸਰੀਰ ਦੇ ਇਕ ਰੋਮ (ਕੇਸ) ਦੀ ਬੇਅਦਬੀ ਕਰਨਾਂ ਵੀ ਬਜਰ ਪਾਪ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਜੀ ਨੇ ਵੀ ਅਜਿਹੇ ਵਿਚਾਰ ਪ੍ਰਗਟਾਏ ਹਨ ਕਿ ਲੰਬੀਆਂ ਬਨੌਟੀ ਜਟਾਂ ਧਾਰਨ ਨਾਲ ਜਾਂ ਘੱਰਰ ਮਨਾਉਣ ਨਾਲ ਪਿਆਰਾ ਪ੍ਰਭੁ ਨਹੀਂ ਰੀਝਦਾ।

ਪ੍ਰਸ਼ਨ—ਮੈਂ ਬਾਈ ਸਾਲ ਦਾ ਨੌਜਵਾਨ ਕਿਸੇ ਦਫ਼ਤਰ ਵਿਚ ਨੌਕਰੀ ਕਰਦਾ ਹਾਂ। ਜਲੰਧਰ ਰੈਣ-ਸਬਾਈ-ਕੀਰਤਨ ਸੁਣਕੇ ਅੰਮ੍ਰਿਤ ਛਕਣ ਲਈ ਪ੍ਰੇਰਿਆ ਗਿਆ ਹਾਂ। ਪਰ ਰਹਿਤ ਰਖਣ ਤੋਂ ਅਜੇ ਝਕਦਾ ਹਾਂ। ਕੀ ਮੈਨੂੰ ਅੰਮ੍ਰਿਤ ਛਕਣਾ ਚਾਹੀਦਾ ਹੈ ? (ਇਕ ਪਾਠਕ)

ਉਤਰ—ਮੇਰੇ ਸੁਹਣੇ ਵੀਰ! ਤੁਸੀਂ ਵੱਡੇ ਭਾਗਾਂ ਵਾਲੇ ਹੋ, ਜਿਨ੍ਹਾਂ ਨੂੰ ਰੈਣ-ਸਬਾਈ ਕੀਰਤਨ ਵਿਚੋਂ ਅੰਮ੍ਰਿਤ-ਛਕਣ ਦੀ ਪ੍ਰੇਰਨਾਂ ਹੋਈ ਹੈ। ਪਰ ਅੱਜੇ ਤੁਸੀਂ ਅੰਮ੍ਰਿਤ ਨਾ ਛਕੋ। ਪੰਜ ਜਾਂ ਸੱਤ ਵਾਰੀ ਕੀਰਤਨ ਹੋਰ ਸੁਣੋ ਗੁਰਮੁਖਾਂ ਦੀ ਸੰਗਤਾਂ ਕਰੋ। ਸਾਡਾ ਸਰੀਰ ਧਰਤੀ ਹੈ ਤੇ ਅੰਮ੍ਰਿਤ ਨਾਮ ਬੀਜ ਹੈ। ਜਿਵੇਂ ਖੇਤ ਵਿਚ ਬੀਜ ਬੀਜਣ ਤੋਂ ਪਹਿਲਾਂ ਧਰਤੀ ਦੀ ਤਿਆਰੀ ਜ਼ਰੂਰੀ ਹੈ ਤਿਵੇਂ ਅੰਮ੍ਰਿਤ ਛਕਣ ਤੋਂ ਪਹਿਲਾਂ ਸ੍ਰੀਰ ਨੂੰ ਅੰਦਰਲੀਆਂ ਬਾਹਰਲੀਆਂ ਰਹਿਤਾਂ ਰਖਣ ਲਈ ਤਿਆਰ

www.AKJ.Org

ਕਰਨਾਂ ਜ਼ਰੂਰੀ ਹੈ। ਪੰਜੇ ਬਾਹਰਲੀਆਂ ਰਹਿਤਾਂ ਰਖਣ ਤੇ ਕੁਰਹਿਤਾਂ ਤੋਂ ਬਚਣ ਦਾ ਹੁਣ ਤੋਂ ਹੀ ਅਭਿਆਸ ਕਰੋ। ਸਾਲ ਛੇ ਮਹੀਨੇ ਵਿਚ ਇਹ ਸਰੀਰ ਰੂਪੀ ਖੇਤ ਤੇ ਇਸ ਦਾ ਰਾਖਾ ਮਨ ਤਿਆਰ ਹੋ ਜਾਵੇਗਾ। ਫਿਰ ਇਸ ਕਰਮਾਂ ਵਾਲੀ ਧਰਤੀ ਵਿਚ ਪਾਇਆ ਅੰਮ੍ਰਿਤ ਬੀਜ ਗੁਰੂ ਕਿਰਪਾ ਨਾਲ ਜ਼ਰੂਰ ਫ਼ਲੀ ਭੂਤ ਹੋਵੇਗਾ। ਪਰ ਯਾਦ ਰਖਣਾ! ਇਹ ਸਾਰੀ ਸੋਝੀ ਗੁਰਮੁਖਾਂ ਦੀ ਸੰਗਤ ਨਾਲ ਹੀ ਆ ਸਕਦੀ ਹੈ। ਨਾਮ ਹੀਣਾਂ ਤੇ ਕੱਚੇ ਗੁਰੂਆਂ ਦੇ ਨਾਮ ਧਰੀਕ ਭਗਤਾਂ ਤੋਂ ਬਚਣ ਦੀ ਸਖਤ ਲੋੜ ਹੈ।

ਪ੍ਰਸ਼ਨ—ਗੁਰੂ ਨਾਨਕ ਦੇਵ ਜੀ ਦੇ ਨਾਨਕੇ ਕਿਥੇ ਸਨ? (ਇਕ ਪਾਠਕ ਕਾਨਪੁਰ)

ਉਤਰ—ਆਪ ਜੀ ਦੇ ਨਾਨਕੇ ਲਾਹੌਰ ਦੇ ਲਾਗੇ ਪਿੰਡ ਚਾਹਲ ਵਿਖੇ ਸਨ।

ਪ੍ਰਸ਼ਨ—ਤਿਆਰ-ਬਰ-ਤਿਆਰ ਸਿੰਘ ਦਾ ਕੁਕੜੀਆਂ ਪਾਲਕੇ ਆਂਡੇ ਕੁਕੜੀਆਂ ਵੇਚਣਾ ਜਾਂ ਰਖੇ ਹੋਏ ਕੁਤੇ ਨੂੰ ਮਾਸ ਖੁਆਉਣਾ ਕਿਥੋਂ ਤਕ ਠੀਕ ਹੈ? (ਇਕ ਪਾਠਕ ਭੂਪਾਲ)

ਉਤਰ—ਇਕ ਅੰਮ੍ਰਿਤਧਾਰੀ ਸਿੱਖ ਦਾ ਮੁੱਖ ਜੀਵਨ ਉਦੇਸ਼ ਆਪ ਨਾਮ ਜਪਣਾ ਤੇ ਹੋਰਾਂ ਨੂੰ ਜਪਾਉਣਾ ਹੈ। ਆਪ ਸ਼ੁਭ ਕਰਮ ਕਰਨਾਂ ਤੇ ਹੋਰਨਾਂ ਨੂੰ ਕਰਨ ਲਈ ਪ੍ਰੇਰਨਾਂ ਹੈ। ਕੇਵਲ ਮਾਇਆ ਖਾਤਰ ਉਹ ਕੰਮ ਕਰਨਾ ਚੰਗਾ ਨਹੀਂ, ਜਿਸ ਨਾਲ ਸੁਰਤੀ ਕੇਵਲ ਮਾਇਕ ਧੰਦਿਆਂ ਵਿਚ ਰੁਝੀ ਰਹੇ। ਰੁਖੀ ਮਿੱਸੀ ਖਾ ਲਵੇ, ਪਰ ਉਹ ਧੰਦਾ ਨਾ ਕਰੇ ਜਿਸ ਨਾਲ ਅੰਤ ਪਛਤਾਉਣਾ ਪਵੇ।

ਪ੍ਰਸ਼ਨ—ਗੁਰਬਾਣੀ ਤੋਂ ਬਾਹਰ ਕੱਚੀਆਂ ਧਾਰਨਾਂ ਲਾਕੇ ਕੀਰਤਨ ਕਰਨਾ ਕਿਥੋਂ ਤਕ ਠੀਕ ਹੈ? ਜੇ ਗਲਤ ਹੈ ਤਾਂ ਸੂਰਾ ਵਿਚ ਲੇਖ ਛਾਪੋ। (ਅਮਰ ਸਿੰਘ ਲੁਧਿਆਣਾ)

ਉਤਰ—ਉਂਜ ਗੁਰਬਾਣੀ ਤੋਂ ਬਾਹਰ ਕੱਚੀਆਂ ਧਾਰਨਾਂ ਲਾਕੇ ਕੀਰਤਨ ਕਰਨਾ ਨਿਰੀ ਮਨਮਤ ਹੈ। ਪਰ ਇਸ ਦਾ ਇਲਾਜ ਨਿਰਾ ਸੂਰਾ ਦੇ ਲੇਖ ਰਾਹੀਂ ਨਹੀਂ ਹੋ ਸਕਦਾ। ਇਹ ਕੰਮ ਸ਼੍ਰੋਮਣੀ ਕਮੇਟੀ ਦੀ ਧਰਮ ਪਰਚਾਰ ਕਮੇਟੀ ਦਾ ਹੈ ਕਿ ਤੱਤ ਗੁਰਮਤਿ ਨੂੰ ਅਪਣਾਵੇ ਤੇ ਗੁਰਮਤਿ ਦਾ ਪਰਚਾਰ ਠੀਕ ਲਾਈਨਾਂ ਤੇ ਕਰਕੇ ਮਨਮਤਿ ਦਾ ਖੰਡਨ ਕਰੇ। ਧਰਮ ਪ੍ਰਚਾਰ ਕਮੇਟੀ ਲੋਕਾਂ ਨੂੰ ਸਹੀ ਗੁਰਮਤਿ ਦਾ ਗਿਆਨ ਅਜਿਹੇ ਢੰਗ ਨਾਲ ਦੇਵੇ ਕਿ ਲੋਕ ਗਲਤ ਪ੍ਰਚਾਰ ਨੂੰ ਅਪਣਾਉਣ ਹੀ ਨਾਹ।

ਪ੍ਰਸ਼ਨ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੈਰ ਹਾਜ਼ਰੀ ਵਿਚ ਕੇਵਲ ਮੰਜੀ ਸਾਹਿਬ ਜਾਂ ਥੜਾ ਸਾਹਿਬ ਨੂੰ ਮਥਾ ਟੇਕਣਾ ਕਿਥੋਂ ਤਕ ਠੀਕ ਹੈ? (ਇਕ ਪਾਠਕ ਫ਼ੀਰੋਜ਼ਪੁਰ)

ਉਤਰ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਕਾਲ ਪੁਰਖ ਦੇ ਗੁਣਾਂ ਦੇ ਪੁੰਜ ਹਨ। ਇਹਨਾਂ ਗੁਣਾਂ ਨੂੰ ਸਤਿਸੰਗਤ ਰਾਹੀਂ ਖੋਜ ਕੇ ਰੋਜ਼ਾਨਾ ਅਮਲੀ ਜੀਵਨ ਵਿਚ ਲਿਆਉਣਾ ਹੀ ਅਸਲ ਪੂਜਾ ਹੈ। ਬਾਕੀ ਗੁਰੂ ਸਾਹਿਬ ਸੰਬੰਧੀ ਸਤਿਕਾਰ ਤਾਂ ਹਰ ਵੇਲੇ ਬਣਿਆ ਰਹਿਣਾ ਜ਼ਰੂਰੀ ਹੈ ਭਾਵੇਂ ਮੰਜੀ ਸਾਹਿਬ ਆਦਿ ਨੂੰ ਮੱਥਾ ਟੇਕਣਾ ਇਕ ਤਰ੍ਹਾਂ ਦੀ ਬੁਤ ਪੂਜਾ ਹੈ।

ਪ੍ਰਸ਼ਨ—ਕੀ ਇਕ ਅਣਅੰਮ੍ਰਿਤੀਏ ਦੇ ਹਥੋਂ ਰੋਟੀ ਆਦਿ ਖਾਣਾ ਪੀਣਾ ਠੀਕ ਹੈ?*

www.AKJ.Org

# ਕੇਸ

( ਬੀਬੀ ਹਰਬੰਸ ਕੌਰ ਸੁਦਾਰਨੀ ਨਾਨਕ ਸਿੰਘ ਸ਼ਹੀਦ, ਪਟਿਆਲਾ )

ਕੇਸ ਇਕ ਕੁਦਰਤੀ ਸਰੀਰ ਨਾਲ ਜ਼ਮੀਨ ਤੋਂ ਲੈ ਕੇ ਅਖੀਰ ਦਮ ਤਕ ਨਾਲ ਰਹਿੰਦੇ ਹਨ ਸ੍ਰੀਰਕ ਕਮਜ਼ੋਰੀ ਕਾਰਨ ਘਟ ਤੇ ਬਲਵਾਨ ਕਰਕੇ ਵਧ ਹੁੰਦੇ ਹਨ ਜਿਉਂ ਜਿਉਂ ਸ੍ਰੀਰ ਦੀ ਤਾਕਤ ਘਟਦੀ ਹੈ ਇਹ ਭੀ ਘਟਨੇ ਸ਼ੁਰੂ ਹੋ ਜਾਂਦੇ ਹਨ।

ਮਿਸਾਲ ਦੇ ਤੌਰ ਤੇ ਜੰਮਦਾ ਬੱਚਾ ਇਕ ਮੁਸਲਮਾਨ ਤੇ ਇਕ ਹਿੰਦੂ ਦਾ ਲੈ ਲਉ ਤੇ ਉਹਨਾਂ ਨੂੰ ਸਾਧਾਰਨ ਤੌਰ ਤੇ ਪ੍ਰਵਰਸ਼ ਕਰਕੇ ਪਾਲੋ ਜਦੋਂ ਕੁਝ ਸਾਲਾਂ ਦੇ ਹੋਣਗੇ ਤਾਂ ਦੋਵੇਂ ਤੁਹਾਨੂੰ ਸਿਖ ਹੀ ਨਜ਼ਰ ਆਉਣਗੇ ਕੁਦਰਤ ਤਾਂ ਕੇਸਾਧਾਰੀ ਹੀ ਚਾਹੁੰਦੀ ਹੈ ਜੇਕਰ ਕੇਸ ਕਟਾਏ ਜਾਂਦੇ ਹਨ ਤਾਂ ਕੁਝ ਦਿਨ ਬਾਹਦ ਫਿਰ ਪੈਦਾ ਹੋ ਜਾਂਦੇ ਹਨ ਇਸ ਦਾ ਇਹ ਮਤਲਬ ਹੈ ਕਿ ਕੁਦਰਤ ਨੂੰ ਕੇਸ ਮਨਜ਼ੂਰ ਹਨ,ਨਹੀਂ ਤਾਂ ਇਸਤ੍ਰੀ ਨੂੰ ਦਾਹੜੀ ਨਹੀਂ ਲਗਾਈ ਉਹ ਸਭ ਕੁਝ ਕਰ ਸਕਦਾ ਹੈ ਪਰ ਨਿਸ਼ਾਨੀ ਰਖੀ ਹੈ ਦੂਰੋਂ ਹੀ ਪਤਾ ਲਗ ਜਾਂਦਾ ਹੈ ਤੇ ਮਰਦ ਅਤੇ ਇਸਤਰੀ ਦੀ ਪਛਾਣ ਹੋ ਜਾਂਦੀ ਹੈ। ਜਿਸ ਮਨੁਖ ਦੀ ਦਾਹੜੀ ਨਹੀਂ ਹੁੰਦੀ ਤੇ ਮਾਨੋ ਉਸ ਦੇ ਚੇਹਰੇ ਦੀ ਰੌਣਕ ਅਧੂਰੀ ਹੁੰਦੀ ਹੈ ਜਿਹਾ ਕਿ ਦਾੜ੍ਹੀ-ਹੀਨ ਨੂੰ ਖੋਜਾ ਕਿਹਾ ਜਾਂਦਾ ਹੈ ਪਰ ਜਾਣ ਬੁਝ ਕੇ ਖੋਜੇ ਬਨਣਾ ਇਹ ਕਿਧਰ ਦੀ ਅਕਲਮੰਦੀ ਹੈ 'ਸਾਬਤ ਸੂਰਤ ਦਸਤਾਰ ਸਿਰਾ' ਇਹ ਸੂਰਤ ਕਲਗੀਧਰ ਪਾਤਸ਼ਾਹ ਜੀ ਨੂੰ ਘੋਰ ਤਪਸਿਆ ਕਰਨ ਤੇ ਆਤਮਕ ਦੀਆਂ ਡੂੰਘਾਈਆਂ ਵਿਚ ਜਾ ਕੇ ਅਨਭਵ ਹੋਈ ਕਿ ਪ੍ਰਤੱਖ ਖਾਲਸਾ ਦਿਸ ਆਇਆ ਤਾਂ ਚੋਜੀ ਪਾਤਸ਼ਾਹ ਨੇ ਚੋਜ ਕੀਤਾ ਖੰਡੇ ਦੀ ਧਾਰ ਵਿਚੋਂ

---

* ਉਤਰ—ਜੇ ਆਪ ਨਾਮ ਰਸ ਦੇ ਲੋਚਕ ਹੋ ਤਾਂ ਬਿਬੇਕ ਬੁਧੀ ਧਾਰਨਾਂ ਜ਼ਰੂਰੀ ਹੈ। ਹਾਂ ਜੇ ਕੇਵਲ ਰਹਿਤਵਾਨ ਸਿਖ ਹੀ ਬਣੇ ਰਹਿਣਾ ਚਾਹੁੰਦੇ ਹੋ ਤਾਂ ਭਾਵੇਂ ਖੁਲ੍ਹਾ ਖਾ ਪੀ ਸਕਦੇ ਹੋ। ਪਰ ਗੁਰਬਾਨੀ ਦੀ ਰੌਸ਼ਨੀ ਵਿਚ ਵਿਚਾਰਿਆਂ ਤੁਹਾਡਾ ਮਨ ਮੰਨ ਜਾਵੇਗਾ ਕਿ ਬਿਬੇਕ ਮਤ ਬਾਰੇ ਬਿਨਾਂ ਨਾਮ ਰਸ ਭੁੰਚਣਾ ਔਖਾ ਹੈ। ਨਾਲੇ ਹੁਕਮ ਹੈ, ਰੋਟੀ ਬੇਟੀ ਦੀ ਸਾਂਝ ਗੁਰਸਿੱਖਾਂ ਨਾਲ ਰਖੋ। ਜੇ ਆਪ ਸਚਮੁਚ ਹੁਕਮੀ ਬੰਦੇ ਹੋ ਤਾਂ ਖਾਣਪੀਣ ਦੀ ਸਾਂਝ ਕੇਵਲ ਗੁਰਸਿੱਖਾਂ ਨਾਲ ਰਖੋ।

ਪ੍ਰਸ਼ਨ—ਕੀ ਦਸਮੇਸ਼ ਜੀ ਨੇ ਝਟਕਾ ਨਹੀਂ ਛਕਿਆ? (ਇਕ ਪਾਠਕ ਅੰਮ੍ਰਿਤਸਰ)

ਉਤਰ—ਜਿਸ ਗੁਰਦੇਵ ਪਿਤਾ ਜੀ ਦੀ ਸੁਰਤੀ ਅਵਤਾਰ ਧਾਰਨ ਤੋਂ ਪਹਿਲਾਂ ਹੀ ਪ੍ਰਭੂ ਚਰਨਾਂ ਵਿਚ ਜੁੜੀ ਹੋਈ ਸੀ। ਉਨ੍ਹਾਂ ਨੂੰ ਇਸ ਲੋਕ ਵਿਚ ਆਕੇ ਝਟਕੇ ਛਕਣ ਦੀ ਕਿਥੇ ਲੋੜ ਸੀ।

www.AKJ.Org

ਖਾਲਸਾ ਪੈਦਾ ਕੀਤਾ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਪੀਰ ਬੁਧੂ ਸ਼ਾਹ ਫ਼ਕੀਰ ਸਢੌਰੇ ਵਾਲਿਆਂ ਨੇ ਆਪਣੇ 500 ਮੁਰੀਦ ਤੇ ਪੁੱਤਰ ਦਸਮੇਸ਼ ਪਿਤਾ ਜੀ ਦੀ ਸੇਵਾ ਵਿਚ ਹਾਜ਼ਰ ਕੀਤੇ ਅਤੇ ਜੰਗ ਵਿਚ ਸ਼ਹੀਦੀਆਂ ਪਾਈਆਂ। ਜਦ ਪੀਰ ਜੀ ਘਰ ਗਏ ਤਾਂ ਘਰ ਵਾਲੇ ਆਖਣ ਲਗੇ ਇਹ ਕੀ ਕਰ ਆਏ ਹੋ ਤਾਂ ਪੀਰ ਜੀ ਨੇ ਉਹ ਪਵਿਤਰ ਕੇਸ ਕਲਗੀਧਰ ਪਾਤਸ਼ਾਹ ਦੇ ਸਮੇਤ ਕੰਘੇ ਜੋ ਬਖ਼ਸ਼ਸ਼ ਮਿਲੀ ਸੀ ਉਹਨਾਂ ਦਾ ਦਰਸ਼ਨ ਕਰਾਇਆ ਇਸ ਦਾ ਇਹ ਮਤਲਬ ਹੈ ਕਿ ਕਿੰਨੀ ਵਡੀ ਬਖ਼ਸ਼ਸ਼ ਹੈ ਕੇਸਾਂ ਦੀ ਜੋ ਏਨੀ ਕੁਰਬਾਨੀ ਦੇ ਕੇ ਮਿਲੀ।ਜੋ ਅਜ ਕਲ ਨਾਭੇ ਮੌਜੂਦ ਹਨ ਜਿਨ੍ਹਾਂ ਦਾ ਦਰਸ਼ਨ ਕਰਾਇਆ ਜਾਂਦਾ ਹੈ, ਮੈਂ ਖ਼ੁਦ ਦਰਸ਼ਨ ਕਰਕੇ ਆਈ ਹਾਂ ਕਿੰਨੇ ਪਿਆਰੇ ਕੇਸ ਉਸੇ ਤਰਾਂ ਕੰਘੇ ਵਿਚ ਅੜੇ ਹੋਏ ਨੇ।

ਭਾਈ ਨੰਦ ਲਾਲ ਜੀ ਅਨਿੰਨ ਭਗਤ ਸ੍ਰੀ ਕਲਗੀਧਰ ਪਾਤਸ਼ਾਹ ਦੇ ਕਵੀਆਂ ਦੇ ਸ਼ਰੋਮਣੀ ਲਿਖਦੇ ਹਨ :—

ਦੀਨ ਦੁਨੀਆ ਦਰ ਕਮੰਦੇ
ਆਂ ਪਰੀ ਰੁਖਸਾਰਿ ਮਾ।
ਹਰ ਦੋ ਆਲਮ ਕੀਮਤੇ
ਯਕ ਤਾਰਿ ਮੂਏ ਯਾਰਿ ਮਾ।
ਦੀਨ ਦੁਨੀ ਹਨ ਦੋਵੇਂ ਬੰਧੇ
ਅੰਦਰ ਜ਼ੁਲਫ ਪਿਆਰੇ।
ਇਕ ਇਕ ਕੇਸ ਗੁਰਾਂ ਦੇ ਉਤੋਂ
ਦੋਵੇਂ ਆਲਮ ਵਾਰੇ।

ਇਨੇ ਪਿਆਰੇ ਤੇ ਕੀਮਤੀ ਕੇਸ ਹਨ ਜਿਨ੍ਹਾਂ ਦੀ ਕੀਮਤ ਪਾ ਨਹੀਂ ਸਕੀਦੀ। ਗੁਰਬਾਣੀ ਵਿਚ ਭੀ ਕੇਸਾਂ ਦਾ ਜ਼ਿਕਰ ਆਉਂਦਾ ਹੈ :—

ਕੇਸਾਂ ਕਾ ਕਰ ਚਵਰ ਢੁਲਾਵਾ ਚਰਨ ਧੂੜ ਮੁਖ ਲਾਈ ॥

ਇਸ ਤਰਾਂ ਹੋਰ ਕਿਹਾ ਹੈ—

ਕੇਸਾ ਕਾ ਕਰ ਬੀਜਨਾ ਸੰਤ ਚਵਰ ਢੁਲਾਉ ॥

ਕੇਸ ਸੰਗ ਦਾਸ ਪਗ ਝਾਰ ॥

ਕਿਧਰੇ ਲਿਖਿਆ ਹੈ ਕਿ 'ਲੰਮੜੇ ਵਾਲਾ' ਹੇ ਨਿਰੰਕਾਰ ਤੂੰ ਸੋਹਣੇ ਲੰਮੇ ਕੇਸਾਂ ਵਾਲਾ ਹੈਂ। ਭਗਵਾਨ ਕ੍ਰਿਸ਼ਨ ਜੀ ਭੀ ਕਹਿੰਦੇ ਹਨ—

ਰੀ ਮਈਆ ਮੇਰੀ ਕਬ ਬੜਗੀ ਚੋਟੀ।
ਇਤਨੇ ਲਊ ਹੈ ਦੂਧ ਪਿਲਾਇਆ ਇਤਨੇ ਲਊ ਹੈ ਛੋਟੀ।

ਕੇਸਾਂ ਕਰਕੇ ਇਨਸਾਨ ਦਾ ਚੇਹਰਾ ਭਰਵਾਂ ਤੇ ਰੋਹਬ ਵਾਲਾ ਲਗਦਾ ਹੈ ਸੂਫ਼ੀ ਫ਼ਕੀਰ ਈਸਾ ਮਸੀਹ ਪੀਰ ਪੈਗੰਬਰ ਅਵਤਾਰ ਸਭ ਕੇਸਾਧਾਰੀ ਹੋਏ ਹਨ।

ਕਲਗੀਧਰ ਪਿਤਾ ਜੀ ਅਨੰਦਪੁਰ ਦੀ ਪਾਵਨ ਧ੍ਰਤੀ ਤੇ ਦਿਵਾਨ ਵਿਚ ਸ਼ਸ਼ੋਭਤ ਹਨ ਕਿ ਦਿਲੀ ਦੀ ਸੰਗਤ ਦਰਸ਼ਨਾਂ ਨੂੰ ਆਈ ਉਨ੍ਹਾਂ ਵਿਚ ਭਾਈ ਲੱਖੀ ਸ਼ਾਹ ਭੀ ਆਇਆ ਤਾਂ ਬਚਨ ਹੋਇਆ ਕਿ ਭਾਈ ਜੀਉ ਜਦੋਂ ਪਿਤਾ ਸ਼ਹੀਦ ਹੋਏ ਸਨ ਤਾਂ ਉਸ ਵੇਲੇ ਤੁਸੀਂ ਨੌਂਵੇਂ ਪਾਤਸ਼ਾਹ ਦਾ ਪਵਿਤਰ ਸੀਸ ਕਿਉਂ ਨਹੀਂ ਸੀ ਚੁਕਿਆ ਤਾਂ ਲਖੀ ਸ਼ਾਹ ਨੇ ਬੇਨਤੀ ਕੀਤੀ ਕਿ ਪਾਤਸ਼ਾਹ ਮੁਗਲ ਰਾਜ ਤੋਂ ਘਬਰਾਹਟ ਸੀ ਤਾਂ ਗੁਰੂ ਸਾਹਿਬ ਜੀ ਜਲਾਲ ਵਿਚ ਆਏ ਤਾਂ ਕਿਹਾ—

ਸ੍ਰੀ ਗੋਬਿੰਦ ਸਿੰਘ ਸੁਨ ਕਰ ਐਸੇ।
ਗੁਜਤ ਬੋਲੇ ਘਨਘਰ ਜੈਸੇ।
ਇਨ ਬਿਧ ਕੋ ਅਬ ਪੰਥ ਬਨਾਉ।
ਸਗਲ ਜਗਤ ਮਹਿ ਬਹੁ ਬਿਧ ਧਾਉ।

www.AKJ.Org

ਲਾਖੋ ਨਰਕਰਾ ਕੋ ਇਕ ਥਾਏ ।
ਓਨ ਮਹਿ ਰਲੇ ਏਕ ਸਿਖ ਜਾਏ ।
ਜਬੈ ਬਕਨ ਮਹਿ ਹੰਸ ਨ ਛਪੇ ।
ਗੀਰੀਅਨ ਮਹਿ ਮੇਰ ਜਿਮ ਦਿਖੇ ।
ਤਿਨ ਨਾਨਾ ਭੇਖਨ ਕੋ ਤਾਹਿ ।

ਕੇਸਾਂ ਬਗੈਰ ਭਾਂਵੇਂ ਕਿਡਾਹੀ ਸੰਤ ਮਹਾਂ ਪੁਰਸ਼ ਹੋਵੇ ਤੇ ਰੁੰਡ ਮੁੰਡ ਦੇ ਚੇਹਰੇ ਦਾ ਕੁਝ ਭਰਭਾਵ ਨਹੀਂ ਪੈਂਦਾ ਤੇ ਨੂਰਾਨੀ ਚੇਹਰਾ ਨਹੀਂ ਲਗਦਾ ਕੇਸ ਤੇ ਦਾਹੜੀ ਨਾਲ ਦੂਰੋਂ ਹੀ ਪ੍ਰਭਾਵ ਪੈਂਦਾ ਹੈ ਤੇ ਗੁਰਮੁਖਤਾਈ ਜਲਾਲ ਡੁਲ ਡੁਲ ਪੈਂਦਾ ਹੈ।

ਮੈਂ ਅੱਖੀਂ ਵੇਖਿਆ ਸੀ ਕਿ ਮੁਲਤਾਨ ਤੋਂ ਅਗੇ ਡੇਹਰਾ ਗਾਜ਼ੀ ਖਾਨ ਉਥੇ ਕਈ ਬਲੋਚ ਵੇਖਣ ਵਿਚ ਆਏ ਤਾਂ ਸਭ ਨ ਕੇਸਾਂ ਦੀਆਂ ਲਿਟਾਂ ਗਲਾਂ ਵਿਚ ਪਾਈਆਂ ਜੋ ਮੋਢਿਆਂ ਤੇ ਦੋਨਾਂ ਪਾਸੇ ਲਟਕਦੀਆਂ ਸਨ ਮੈਂ ਹੈਰਾਨ ਸਾਂ ਕਿ ਸੁੰਦਰ ਮੁਖੜਿਆਂ ਤੇ ਦਾਹੜ । ਇਹ ਕੀ ਕਾਰਨ ਹੈ ਮੈਂ ਸਮਝਿਆ ਕਿ ਇਸ ਇਲਾਕ ਦੇ ਲੋਕ ਸ਼ਾਇਦ ਕੇਸਾਂ ਨੂੰ ਲਟਕਾ ਕੇ ਰਖਦੇ ਨੇ ਤੇ ਜੂੜਾ ਨਹੀਂ ਕਰਦੇ ਕਿਸ ਪਾਸੋਂ ਪੁਛ ਕੀਤੀ ਤਾਂ ਉਨਾਂ ਦਸਿਆ ਕਿ ਇਹ ਲੋਕ ਬਲੋਚ ਹਨ ਤੇ ਕੇਸ ਜ਼ਰਾ ਨਹੀਂ ਕਟਾਂਦੇ। ਇਕ ਡਾਕਟਰ ਨੇ ਮੈਨੂੰ ਦਸਿਆ ਕਿ ਕਿਸੇ ਬਲੋਚ ਦੇ ਸਿਰ ਵਿਚ ਜ਼ਖਮ ਸੀ ਤੇ ਕਿਹਾ, ਕਿ ਕੁਝ ਹਿਸਾ ਵਾਲਾਂ ਦਾ ਕਟ ਕੇ ਪਟੀ ਕਰ ਦਿੰਦੇ ਹਾਂ ਤਾਂ ਬਲੋਚ ਨੇ ਕਿਹਾ ਨਾਂ, ਮੇਰੇ ਵਾਲ ਨਾ ਕਟੋ ਤੇ ਇਸੇ ਤਰਾਂ ਹੀ ਪੱਟੀ ਕਰ ਦਿਓ ਅਜ ਸਾਡੇ ਦੇਸ਼ ਤੇ ਕੌਮ ਦੇ ਬਚੇ ਧੜਾ ਧੜ ਪਤਤ ਹੋ ਰਹੇ ਹਨ। ਸਾਡੇ ਬਚੇ ਹੀ ਸਾਨੂੰ ਨੁਕਤਾ ਚੀਨੀਆਂ ਤੇ ਹੁਜਤਾਂ ਕਰਦੇ ਨੇ 'ਸਲਾਮੁ ਜਬਾਬੁ **ਦੋਵੇ ਕਰੇ ਮੁਢਹੁ ਘੁਥਾ ਜਾਇ। ਖਸਮੈ ਕਰੇ ਬ੍ਰਾਬਰੀ** ਫਿਰ ਗੈਰਤਿ ਅੰਦਰਿ ਪਾਇ।' ਕੇਸ ਰਖਣ ਦਾ ਤੇ ਸੁਆਲ ਹੀ ਪੈਦਾ ਨਹੀਂ ਹੁੰਦਾ ! ਰਖੀਦੀ ਉਹ ਚੀਜ਼ ਹੈ ਜੋ ਬਾਹਰੋਂ ਲਿਆਂਦੀ ਹੋਵੇ ਜਿਹਾ ਗਊ ਰਖਨੀ, ਮੱਝ ਰਖਨੀ, ਕਾਰ ਰਖਣੀ, ਘੋੜੀ ਰਖਨੀ, ਅਤੇ ਨੌਕਰ ਰਖਣਾ ਸਾਲ ਲਈ ਘਰ ਕਣਕ ਰਖਨੀ ਆਦਿਕ ਕੇਸ ਤਾਂ ਸ੍ਰੀਰ ਨਾਲ ਆਏ ਨੇ ਸ੍ਰੀਰ ਨਾਲ ਅੰਤ ਰਹਿਣੇ ਹਨ। ਅਜ ਦੇ ਬਚੇ ਪਗੜੀ ਬਨਣ ਤੋਂ ਘਬਰਾਂਦੇ ਨੇ ਏਡੇ ਨਾਜ਼ਕ ਤੇ ਕੋਮਲ ਹੋ ਗਏ ਨੇ ਇਨਾਂ ਕਲ ਨੂੰ ਕੀ ਤੇਗਾਂ ਮਾਰਨੀਆਂ ਨੇ। ਮਾਈ ਭਾਗੋ ਜੀ ਦੀ ਨਾਂਗਨੀ ਢਾਈ ਮਣ ਦੀ ਭਾਰੀ ਹੈ ਜੋ ਹੁਣ ਤਕ ਸ੍ਰੀ ਹਜ਼ੂਰ ਸਾਹਿਬ ਮਾਈ ਭਾਗੋ ਦੇ ਬੁੰਗੇ ਵਿਚ ਮੌਜੂਦ ਹੈ ਕਿਨਾ ਕੁ ਵਜ਼ਨ ਹੈ ਕੇਸਾਂ ਦਾ। ਇਕ ਕਿਲੋ, ਕਿ ਦੋ, ਕੀ ਬਾਂਹ ਭਾਰੀ ਨਹੀਂ ਲਗਦੀ, ਲਤ ਭਾਰੀ ਨਹੀਂ। ਬਾਕੀ ਰਹੀ ਸਫਾਈ ਜੇਕਰ ਤੁਸੀਂ ਕਪੜੇ ਹੀ ਨਾ ਸਾਫ ਕਰੋਗੇ ਤਾਂ ਉਹ ਭੀ ਬਦਬੂ ਮਾਰਨਗੇ 'ਮੂਤ ਪਲੀਤੀ ਕਪੜ ਹੋਇ। ਦੇਹ ਸਾਬੂਣ ਲਈਐ ਉਹ ਧੋਇ।' ਇਸ਼ਨਾਨ ਨਾ ਕਰੋਗੇ ਪਿੰਡੇ ਵਿਚ ਖਾਰਸ਼ ਤੇ ਮੁਸ਼ਕ ਆਵੇਗੀ ਕੇਸਾਂ ਤੇ ਬਹੁਤਾ ਚਿਰ ਲਗਦਾ ਸਾਫ ਕਰਨ ਤੇ ਇਹ ਤਾਂ 'ਮਨ ਹਰਾਮੀ ਹੁਜਤਾਂ ਢੇਰ' ਕੋਈ ਜ਼ਿਆਦਾ ਦੇਰ ਨਹੀਂ ਲਗਦੀ ਕਿਸੇ ਪੁਛਿਆ ਕਿਧਰ ਜਾ ਰਹੇ ਹੋ ਤਾਂ ਨਾਲ ਦੇ ਕਿਹਾ ਮੈਂ ਨਾਈ ਕੋਲ ਮੂੰਹ ਮਥਾ ਬਨਵਾਣ ਜਾ ਰਿਹਾ ਹਾਂ, ਕਿੰਨੀ ਹਾਸੋ ਹੀਣੀ ਗੱਲ ਹੈ, ਤੇਰਾ ਨਾਈ ਰਬ ਹੈ ਜਿਸਨੇ ਮੂੰਹ ਦੀ ਸ਼ਕਲ ਬਨਾਣੀ ਹੈ ਉਸ ਮਾਲਕ ਨੇ ਨਹੀਂ ਬਨਾਈ ਉਹ ਤਾਂ ਰੰਗ ਰੰਗ ਦੇ ਭਾਂਡੇ ਸਾਜਦਾ ਹੈ ਸ਼ਾਹ ਸੁਜਾਨ ਹੈ ਜੇਕਰ ਨਾਈ ਪਾਸੋਂ ਉਸਤਰਾ ਲੱਗ ਜਾਂਦਾ ਹੈ ਤਾਂ


www.AKJ.Org

ਕਈ ਦਿਨ ਜ਼ਖ਼ਮ ਹੀ ਠੀਕ ਨਹੀਂ ਹੁੰਦਾ ਨਾਈ 50 ਪੈਸੇ ਹਜਾਮਤ ਦੇ ਲੈਂਦਾ ਹੈ ਕੀ 50 ਪੈਸਿਆਂ ਦਾ ਸਾਬਨ ਇਕ ਦਿਨ ਲਗਦਾ ਹੈ ? ਨਹੀਂ ਇਕ ਚਕੀ ਸਾਰਾ ਮਹੀਨਾ ਬਹੁਤ ਹੈ ਤੇਲ ਤਾਂ ਉਂਝ ਭੀ ਲਾਣਾ ਤੇ ਇਸਤਰਾਂ ਭੀ ਲਾਣਾ ਹੀ ਹੁੰਦਾ ਹੈ, ਕੀ ਵਾਧੂ ਖ਼ਰਚ ਹੈ ਸਗੋਂ ਕੇਸ ਦਾਹੜੀ ਨਾਲ ਕਿਨਾ ਰੋਹਬ ਮਾਨੋ ਦਸਮੇਸ਼ ਪਿਤਾ ਜੀ ਦਾ ਬਖਸ਼ਿਆ ਸਿਰ ਤੇ ਛਤਰ ਹੈ ਮੋਹਰ ਹੈ ਜਿਵੇਂ ਪੱਗ ਨਾਲ ਤਿੰਨ ਇੰਚ ਕਦ ਵਡਾ ਲਗਦਾ ਹੈ ਮਸਾਲ ਲੋਕੀ ਦਿੰਦੇ ਸਨ ਕਿ ਸਾਡੀ ਪੱਗ ਦੀ ਲਾਜ ਰਹਿ ਜਾਵੇ ਸਾਡੀ ਚਿਟੀ ਪੱਗ ਨੂੰ ਦਾਗ ਨਾ ਲਗੇ ਅਸੀਂ ਸੋ ਪੱਗ ਦੇ ਮਾਲਕ ਹਾਂ ਭਾਈ ਕਿਸੇ ਨੂੰ ਮਨਾਣ ਲਈ ਪੈਰੀਂ ਪਗ ਰਖਕੇ ਮਨਾ ਲਉ ਆਦਿਕ ਤੇ ਜੇਕਰ ਪੱਗ ਹੀ ਨਹੀਂ ਤਾਂ ਫੇਰ ਕੀ ਬਣੇਗਾ।

ਕੇਸਾਧਾਰੀ ਨੂੰ ਸੰਨ ਸਟੋਕ ਨਹੀਂ ਹੁੰਦਾ ਜੇਕਰ ਹੁੰਦਾ ਭੀ ਹੈ ਤਾਂ ਬਹੁਤ ਘਟ ਕੇਸਾਂ ਕਰਕੇ ਸਿਰ ਤੇ ਚੋਟ ਘਟ ਲਗਦੀ ਹੈ ਠੰਡ ਵਿਚ ਕੇਸ ਸਿਰ ਨੂੰ ਗਰਮ ਰਖਦੇ ਹਨ ਇਹ ਤਾਂ ਸ਼ੇਰ ਦਾ ਪੈਹਰਾਵਾ ਹੈ ਬਬਰ ਸ਼ੇਰ ਦੇ ਚੇਹਰੇ ਵਲ ਜ਼ਰਾ ਗੌਰ ਕਰਕੇ ਵੇਖੋ ਤੇ ਉਸਦੇ ਦੁਆਲੇ ਕੇਸਾਂ ਚ ਗੋਲਧਾਰਾ ਜਿਹਾ ਬਨਿਆ ਹੋਇਆ ਹੈ ਤੇ ਇਸੇ ਕਰਕੇ ਉਸਨੂੰ ਬਬਰ ਸ਼ੇਰ ਕਿਹਾ ਜਾਂਦਾ ਹੈ ਕੇਵਲ ਕੇਸਾਂ ਕਰਕੇ ਆਮ ਚੀਤੇ ਦਾ ਰੋਹਬ ਹੀ ਕੋਈ ਨਹੀਂ। ਕਲਗੀਧਰ ਪਾਤਸ਼ਾਹ ਭੀ ਹਰ ਇਕ ਸਿੱਖ ਨੂੰ ਸਿੰਘ ਦਾ ਖਤਾਬ ਦਿਤਾ ਨਾਲੇ ਸਿੰਘ ਸ਼ਬਦ ਦਾ ਬਹੁਤ ਪ੍ਰਭਾਵ ਪੈਂਦਾ ਹੈ।

ਕੇਸਾਂ ਦੇ ਪ੍ਰਤਾਪ ਨਾਲ ਤੇ ਅੰਨਤ ਦੀ ਦਾਤ ਨਾਲ ਇਹ ਜੰਗ ਜੂ ਬਹਾਦਰ ਸਿਰ ਤਲੀ ਤੇ ਧਰ ਕੇ ਲੜਨ ਵਾਲੀ ਪੈਦਾ ਹੋਈ ਕੋਮ ਧੜ ਹੀ ਲੜ ਰਹੇ ਨੇ ਬਾਬਾ ਦੀਪ ਸਿੰਘ ਜੀ ਨੂੰ ਵੇਖਕੇ ਦੁਸ਼ਮਨ ਦੈਹਲ ਗਏ ਤੇ 'ਭੰਨੀ ਜਾਏ ਨਾ ਧੀਰ ਧਰੇਆ' ਕੀ ਜਾਹ ਜਾਂਦੀਏ ਦਿਨਾਂ ਦੇ ਧੜ ਪਏ ਲੜਦੇ ਨ ਪਤਾ ਨਹੀਂ ਇਹ ਕਿਹੜੇ ਸਪਾਤੀ ਬਦ ਨੇ ਸਪਾਤੀ ਤਾਂ ਜ਼ਰੂਰ ਨੇ ਲੋਹੇ ਦਾ ਬਾਟਾ ਸਰਬ ਲੋਹ ਦਾ ਖੰਡਾ ਅਲਾਹੀ ਬਾਣੀ ਸਭ ਦਾ ਕੁਸ਼ਤਾ ਤਿਆਰ ਕੀਤਾ ਜਿਸ ਨੇ ਛਕਿਆ ਉਸ ਦੀ ਕਾਇਆ ਪਲਟ ਗਈ ਗਿਦੜਾਂ ਤੋਂ ਸ਼ੇਰ ਬਣ ਗਿਆ ਤੇ ਸਪਿਰਟ ਪੈਦਾ ਹੋ ਗਈ ਤੇ ਮਨ ਵਿਚ ਚਾਉ ਚੜਿਆ ਕਿ—

ਜਬ ਆਵ ਕੀ ਅਉਧ ਨਿਧਾਣ ਬਣੇ,
ਅਤਿ ਹੀ ਰਣ ਮਹਿ ਤਬ ਜੂਝ ਮਰੂ।

ਤੇ ਦੇਹ ਨਾ ਨਿਤ ਅਨਿਤ ਰਹੇ ਜਸ ਨਾਵ ਚੜੇ ਭਵ ਸਾਗਰ ਤਾਰੇ।

ਦਸਮੇਸ਼ ਪਿਤਾ ਜੀ ਦਾ ਹੁਕਮ ਹੈ:—

ਇਹੋ ਮੇਰੀ ਬਨਾ ਸੁਨਹ ਹੇ ਪਿਆਰੇ।
ਬਿਨਾ ਕੇਸ ਤੇਗੰ ਦਿਉ ਨ ਦਿਦਾਰੇ।

ਭਾਵ ਕਿ ਮੇਰੇ ਮੱਥੇ ਨਾ ਲਗੇ।

**ਲੋੜ ਹੈ**—ਇਕ ਈਮਾਨਦਾਰ ਮੈਨੇਜਰ ਜਾਂ ਮੁਖ਼ਤਿਆਰ ਜੋ ਜ਼ਮੀਨ ਦੀ ਆਮਦਨੀ ਦੀ ਉਗਰਾਹੀ ਕਰ ਸਕੇ। ਤਨਖ਼ਾਹ ਚੰਗੀ ਦਿਤੀ ਜਾਵੇਗੀ। ਚਿੱਠੀ ਪੱਤਰ ਮਾਰਫ਼ਤ 'ਸੂਰਾ' ਰਾਘੋਮਾਜਰਾ, ਪਟਿਆਲਾ ਦੇ ਨਾਮ ਕਰੋ।

www.AKJ.Org

# ਅੰਮ੍ਰਿਤ ਛਕੇ ਬਿਨਾਂ ਢੋਈ ਨਹੀਂ

( ਭਾਈ ਮਾਲਿਕ ਸਿੰਘ ਜੀ B.Sc. ਕਾਨਪੁਰ )

'...ਹਾਂ ਮਾਤਾ ਜੀ ਤੁਸੀਂ ਤਾਂ ਸ਼ੈਦ ਵਡਭਾਗੇ ਹੋਵੋਗੇ ਪਰ ਮੈਂ ਤਾਂ ਅਭਾਗਾ, ਮੰਦਭਾਗਾ ਹੀ ਹਾਂ।' ਇਹ ਚੰਦ ਕੂ ਤੜਪ ਭਰੇ ਕਾਲਜਾ ਚੀਰਨ ਵਾਲੇ, ਅਣਿਆਲੇ ਲਫਜ਼, ਉਸ ਮਹਾਨ ਵਯਕਤੀ ਅਥਵਾ ਪੂਰਨ ਸੰਤ ਨੇ ਆਪਨੀ ਮਾਤਾ ਜੀ ਨੂੰ ਮੁਖਾਤਬ ਕਰ ਕੇ ਕਹੇ ਸਨ ਜਿਹਨਾ ਨੇ ਆਪਨੀ ਪੂਰੀ ਆਯੂ ਸਿਖੀ ਪ੍ਰਚਾਰ ਵਿਚ ਲਾਈ। ਸਭ ਦੁਖ, ਤਕਲੀਫਾਂ, ਭੁਖਾਂ ਬਰਦਾਸ਼ਤ ਕੀਤੀਆਂ ਪਰ ਕਲਗੇਸ਼, ਖੜਗੇਸ਼ ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਖੰਡ ਦੀ ਪਹੁਲ ਦੀ ਮਰਯਾਦਾ ਦਾ ਕੇਵਲ ਢੰਢੋਰਾ ਹੀ ਨਹੀਂ ਦਿਤਾ ਸਗੋਂ ਲਗ ਭਗ ਅਠਾਰਾਂ ਹਜ਼ਾਰ ਪ੍ਰਾਣੀਆਂ ਨੂੰ ਇਸ ਅਗੰਮੀ ਅੰਮ੍ਰਿਤ ਦੀ ਦਾਤ ਦਾ ਅਧਿਕਾਰੀ ਬਨਾਇਆ। ਖ਼ੁਦ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ ਪਰੇਰਿਤ ਚਾਹਵਾਨ ਜਗਿਆਸੂਆਂ ਨੂੰ ਜਹਾਜ਼ੇ ਚੜ੍ਹਾਨ ਦਾ ਪਰਉਪਕਾਰ ਕੀਤਾ।

ਇਕ ਦਫ਼ਾ ਦਾ ਜ਼ਿਕਰ ਹੈ ਕਿ ਇਸ ਮਹਾਨ ਵਯਕਤੀ ਦੀ ਮਾਤਾ ਨੇ ਬੜੇ ਫਖਰ, ਮਾਨ ਨਾਲ, ਪਿਆਰ ਵਿਚ ਆ ਕੇ ਕਿਹਾ ਕਿ ਬੇਟਾ ਮੈਂ ਬੜੀ ਵਡਭਾਗਨ ਹਾਂ ਕਿ ਮੇਰੇ ਪੁਤ੍ਰ ਨੇ ਗੁਰੂ ਦੀਆਂ ਖੁਸ਼ੀਆਂ ਲਈਆਂ ਹਨ ਤੇ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਪਾਨ ਕਰਾ ਕੇ ਰੱਬ ਦੇ ਰਾਹ ਤੇ ਪਾਇਆ ਹੈ। ਤੇਰੀ ਭਗਤੀ ਦਾ ਸਦਕਾ ਮੈਨੂੰ ਵੀ ਲੋਕੀ ਸਤਕਾਰਦੇ ਹਨ ਸਚਮੁਚ ਤੂੰ ਮੇਰੀ ਕੁਖ ਸਫਲ ਕੀਤੀ ਹੈ। ਮੈਂ ਬੜੀ ਵਡਭਾਗਣ ਹਾਂ।

ਸੰਤ ਜੀ ਨੇ ਆਪਨੀ ਬਿਰਧ ਮਾਤਾ ਜੀ ਦੀ ਅੰਤਰ ਆਤਮਕ ਅਵਸਥਾ ਨੂੰ ਦੇਖਿਆ ਤੇ ਕਹ ਉਠੇ 'ਹਾਂ ਮਾਤਾ ਜੀ ਤੁਸੀਂ ਤਾਂ ਸ਼ੈਦ ਵਡਭਾਗੇ ਹੋਵੇਗੇ ਪਰ ਮੈਂ ਤਾਂ ਅਭਾਗਾ, ਮੰਦ ਭਾਗਾ ਹੀ ਹਾਂ' ਕਯੋਂ ਕਿ ਇਸ ਅਭਾਗੇ ਦੀ ਮਾਂ ਅਜੇ ਤਕ ਨਿਗੁਰੀ ਹੀ ਹੈ, ਅੰਮ੍ਰਿਤ ਦੀ ਦਾਤ ਅਜੇ ਤਕ ਮੇਰੀ ਮਾਤਾ ਨੂੰ ਨਸੀਬ ਨਹੀਂ ਹੋਈ।

## ਮਾਤਾ ਜੀ ਨੂੰ ਦਰਗਾਹ ਚੋਂ ਧਕੇ ਮਿਲਣੇ

ਹੁਣ ਮਾਤਾ ਜੀ ਬਿਮਾਰ ਹਨ। ਕੁਝ ਬੇਚੈਨੀ ਦੀ ਹਾਲਤ ਵਿਚ ਮੰਜੇ ਤੇ ਪੈ ਹਨ ਕਿ ਇਕ ਕੌਤਕ ਅਖਾਂ ਦੇ ਸਾਹਮਣੇ ਆਇਆ। ਮਾਤਾ ਜੀ ਕੀ ਦੇਖਦੇ ਹਨ ਕਿ ਉਨਾਂ ਦੀ ਰੂਹ ਸਚਖੰਡ ਤਕ ਪਹੁੰਚ ਗਈ ਹੈ ਪਰ ਸਚਖੰਡ ਦੇ ਦਰਵਾਜ਼ੇ ਬੰਦ ਹਨ। ਮਾਤਾ ਜੀ ਨੂੰ ਅਗੰਮ ਅਵਾਜ਼ ਆਈ ਕਿ ਇਥੇ ਨਿਗੁਰੇ ਲਈ ਕੋਈ ਜਗਹ ਨਹੀ। ਨਿਗੁਰੇ ਲਈ ਦਰਵਾਜ਼ੇ ਬੰਦ ਹਨ


www.AKJ.org

ਮਾਤਾ ਜੀ ਇਹ ਕੌਤਕ ਦੇਖ ਕੇ ਚੌਂਕ ਉਠਦੇ ਹਨ ਦੇਖਦੇ ਹਨ ਕਿ ਮੈਂ ਤਾਂ ਉਸੇ ਮੰਜੇ ਤੇ ਪਈ ਹਾਂ। ਮਾਤਾ ਜੀ ਦਾ ਮਾਨ ਟੁਟ ਗਿਆ। ਮੈਂ ਵਡਭਾਗਨ ਨਹੀਂ ਹਾਂ। ਇਕ ਸੰਤ ਦੀ ਮਾਂ ਹਾਂ ਪਰ ਫੇਰ ਵੀ ਦਰਗਾਹ ਦੇ ਦਰਵਾਜ਼ੇ ਬੰਦ ਹਨ। ਤਾਂ ਤੇ ਹੁਣ ਮੈਂ ਨਿਗੁਰੀ ਨਹੀਂ ਰਹਿਨਾ ਮਾਤਾ ਜੀ ਨੇ ਪ੍ਰਣ ਕਰ ਲਿਆ।

ਥੋੜੀ ਦਰ ਤਕ ਸੰਤ ਜੀ ਭੀ ਉਥੇ ਆ ਜਾਂਦੇ ਹਨ। ਹੁਣ ਮਾਤਾ ਜੀ ਅਪਨੀ ਗਲਤੀ ਦਾ ਹੈਸਾਸ ਕਰ ਰਹੇ ਹਨ ਤੇ ਕਹਿੰਦੇ ਹਨ ਬੇਟਾ ਮੈਨੂੰ ਵੀ ਸਗੁਰਾ ਬਨਾ। ਮੈਂ ਅੰਮ੍ਰਿਤ ਛਕਣਾ ਹੈ। ਅੰਮ੍ਰਿਤ ਛਕੇ ਬਿਨਾ ਦਰਗਾਹ ਤੋਂ ਧਕੇ ਮਿਲਦੇ ਹਨ। ਜਿਥੇ ਤੁਸੀਂ ਹਜ਼ਾਰਾਂ ਨੂੰ ਪਰੇਰਨਾ ਦੇ ਕੇ ਜਹਾਜ਼ੇ ਚੜਾਇਆ ਉਥੇ ਇਸ ਮਾਂ ਨੂੰ ਵੀ ਅੰਮ੍ਰਿਤ ਦੀ ਦਾਤ ਬਖਸ਼ ਦਿਉ।

ਇਸ ਤਰੀਕੇ ਨਾਲ ਮਾਤਾ ਜੀ ਨੇ ਅੰਮ੍ਰਿਤ ਪਾਨ ਕਰ ਲਿਆ ਤੇ ਅਪਨੇ ਬੇਟੇ ਦੇ ਇਹਨਾਂ ਸ਼ਬਦਾਂ ਨੂੰ 'ਪਰ ਮਾਂ ਜੀ ਮੈਂ ਤਾਂ ਅਭਾਗਾ ਹੀ ਹਾਂ' ਉਲਟ ਦਿਤਾ ਅਤੇ ਅਸਲੀ ਅਰਥਾਂ ਵਿਚ ਸਤਿਗੁਰੂ ਦੀ ਵਡਮੁਲੀ ਦਾਤ—ਅੰਮ੍ਰਿਤਪਾਨ ਕਰਕੇ ਵਡਿਆਂ ਭਾਗਾਂਵਾਲੀ ਬਨ ਗਈ। ਲੋਕ ਅਤੇ ਪਰਲੋਕ ਵਿਚ ਮੁਖ ਉਜਲਾ ਕਰ ਲਿਆ।

ਇਹ ਉਪਰਕੋਤ ਘਟਨਾਂ ਸਤਿਕਾਰਯੋਗ ਸੰਤ ਅਤਰ ਸਿੰਘ ਜੀ ਦੇ ਜੀਵਨ ਦੀ ਹੈ ਜੋ ਇਕ ਉਚ ਕਰਨੀ ਵਾਲੇ ਨਾਮ ਸਿਮਰਨ ਕਰਨ ਵਾਲੀ ਮਹਾਨ ਹਸਤੀ ਹੋ ਗੁਜ਼ਰੇ ਹਨ। ਚਾਹੇ ਇਸ ਛੋਟੀ ਜੇਹੀ ਜੀਵਨ ਘਟਨਾ ਦੇ ਲਿਖਨ ਵਿਚ ਕੁਝ ਵਾਧਾ ਘਾਟਾ ਹੋ ਸਕਦਾ ਹੈ ਪਰ ਇਹ ਗਲ ਬਿਲਕੁਲ ਸਤ ਪ੍ਰਤਿਸ਼ਤ ਠੀਕ ਹੈ ਕਿ ਸਚੀ ਦਰਗਾਹ ਨਿਗੁਰੇ ਖੋਟੇ ਅਥਵਾ ਮਨਮੁਖ ਲਈ ਕੋਈ ਜਗਹ ਨਹੀਂ ਹੈ ਤੇ ਇਸ ਬਾਰੇ ਗੁਰਬਾਣੀ ਅੰਦਰ ਅਨਗਿਣਤ ਪ੍ਰਮਾਣ ਭਰੇ ਪਏ ਹਨ। ਇਸ ਦੀ ਪ੍ਰਸ਼ਟੀ ਲਈ ਕੁਝਕੁ ਪ੍ਰਮਾਣ ਥਲੇ ਦਿਤੇ ਜਾ ਰਹੇ ਹਨ:—

ਆਪੇ ਕੁਦਰਤਿ ਸਾਜ ਕੈ, ਆਪੇ ਕਰੇ ਬੀਚਾਰੁ ॥
ਇਕਿ ਖੋਟੇ ਇਕਿ ਖਰੇ, ਆਪੇ ਪਰਖਣਹਾਰੁ ॥
ਖਰੇ ਖਜਾਨੈ ਪਾਈਅਹਿ, ਖੋਟੇ ਸਟੀਅਹਿ ਬਾਹਰਵਾਰਿ
ਖੋਟੇ ਸਚੀ ਦਰਗਹ ਸੁਟੀਅਹਿ, ਕਿਸੁ ਆਗੈ ਕਰਹਿ ਪੁਕਾਰ ॥

ਪਨਾ:
ਨਾਤਰੁ ਦਰਗਹ ਕੁਟੀਅਨ, ਮਨਮੁਖਿ ਕੂੜਿਆਰਾ ॥

ਓਥੈ ਸਚੇ ਹੀ ਸਚ ਨਿਬੜੈ, ਚੁਣਿ ਵਖ ਕਢੇ ਜਜਮਾਲਿਆ।
ਥਾਉ ਨ ਪਾਇਣ ਕੂੜਿਆਰ......

## ਸਾਰ ਸਿੱਟਾ

'ਪ੍ਰਥਾਇ ਸਾਖੀ ਮਹਾਂਪੁਰਖ ਬੋਲਦੇ ਸਾਝੀ ਸਗਲ ਜਹਾਨੈ' ਮੁਤਾਬਕ ਇਹ ਛੋਟੀ ਜਿਹੀ ਸਤ ਜੀਵਨ ਝਾਕੀ ਸਾਨੂੰ ਸਭ ਨੂੰ ਸਗੁਰਾ ਬਨਣ ਲਈ ਪ੍ਰੇਰਨਾ ਦੇ ਰਹੀ ਹੈ। ਜੋ ਪ੍ਰਾਣੀ ਇਹ ਕਹਿੰਦੇ ਹਨ ਕਿ ਪਰਿਵਾਰ ਦਾ ਕੋਈ ਇਕ ਵਿਅਕਤੀ ਵੀ ਭਗਤੀ ਕਰ ਲਏ ਤਾਂ ਉਹ ਕਈ ਕੁਲਾਂ ਨੂੰ ਤਾਰ ਸਕਦਾ ਹੈ, ਤਾਂ ਤੇ ਐਸੇ ਮਨੁਖਾਂ ਨੂੰ ਇਹ ਸਾਖੀ ਸਿਧਾ ਥਪੜ ਮਾਰ ਕੇ ਚੇਤਾਵਨੀ ਦੇ ਰਹੀ ਹੈ ਕਿ 'ਉਸ ਸਾਚੇ ਦੀਬਾਣ ਮੇਂ ਪਲਾ ਨ ਪਕੜੇ ਕੋਇ।' ਇਸ ਦੇ ਬਾਵਜੂਦ ਵੀ ਇਹ ਹੀ ਢਕੌਂਸਲਾ ਘੜੀ ਰਖਣਾ ਕਿ ਅਸੀਂ ਵੀ ਕਿਸੇ ਭਗਤ ਦਾ ਪੱਲਾ ਫੜ ਪਾਰ ਹੋ ਜਾਵਾਂਗੇ ਉਹਨਾਂ ਦਾ ਇਹ ਖਿਆਲ ਬਿਲਕੁਲ ਮਿਥਿਆ ਹੈ। ਗੁਰਬਾਣੀ ਸਪਸ਼ਟਤਾ ਨਾਲ ਕਹਿ ਰਹੀ ਹੈ 'ਜੇਹਾ ਬੀਜੇ ਸੁ ਲੁਣੇ ਕਰਮਾ ਸੰਦੜਾ ਖੇਤ।' ਸੋ ਸਾਨੂੰ ਐਸੇ ਮਨਘੜਤ ਢਕੌਂਸਲਿਆਂ ਤੋਂ ਸ਼ਦੈਵ ਹੁਸ਼ਿਆਰ ਰਹਿਣਾ ਚਾਹੀਦਾ ਹੈ ਤੇ ਮਨ ਬਚ ਕਰਮ ਕਰਕੇ 'ਅਹਿ ਕਰੁ ਕਰੇ ਸੁ ਅਹਿ ਕਰ ਪਾਏ' ਸਿਖਿਆ ਨੂੰ ਦ੍ਰਿੜ ਕਰ ਲੈਣਾ ਚਾਹੀਦਾ ਹੈ। ਸਾਨੂੰ ਸਗੁਰਾ, ਕਰਮਸ਼ੀਲ ਖ਼ੁਦ ਬਨਣਾ ਚਾਹੀਦਾ ਹੈ। ਸਗੁਰਾ ਬਨਣ ਲਈ ਸਭ ਤੋਂ ਪਹਿਲਾਂ ਅੰਮ੍ਰਿਤਪਾਨ ਕਰਨਾ ਹੀ ਪਏਗਾ।


www.AKJ.Org

# ਹਫ਼ਤਾਵਾਰੀ ਕੀਰਤਨ ਸਮਾਗਮ ਗਵਾਲੀਅਰ

ਗਵਾਲੀਅਰ ਵਿਚ ਹਰ ਹਫ਼ਤੇ ਸਨਿਚਰਵਾਰ ਦੀ ਰਾਤ ਨੂੰ ਸਾਰੀ ਰਾਤ (ਰਾਤ ਦੇ ਦਸ ਵਜੇ ਤੋਂ ਸਵੇਰ ਦੇ ਸਾਢੇ ਚਾਰ ਵਜੇ ਤਕ) ਨਿਰੋਲ ਗੁਰਬਾਨੀ ਦਾ ਕੀਰਤਨ ਹੁੰਦਾ ਹੈ। ਇਹ ਸਮਾਗਮ ਕਦੀ ਕਿਸੇ ਗੁਰਦਵਾਰੇ ਵਿਚ ਤੇ ਕਦੀ ਕਿਸੇ ਗੁਰਸਿਖ ਦੇ ਘਰ ਹੁੰਦਾ ਹੈ। ਗੁਰਦਵਾਰਿਆਂ ਵਿਚ ਲਿਖ ਕੇ ਲਗਾ ਦਿਤਾ ਜਾਂਦਾ ਹੈ ਤੇ ਸੰਗਤ ਵਿਚ ਸੁਣਾ ਵੀ ਦਿਤਾ ਜਾਂਦਾ ਹੈ ਕਿ ਅਗਲੇ ਹਫ਼ਤੇ ਕੀਰਤਨ ਕਿਥੇ ਹੋਣਾ ਹੈ।

ਕੀਰਤਨ ਕਰਨ ਵਾਲੇ ਜਾਂ ਕੀਰਤਨ ਸੁਣਨ ਵਾਲੇ ਭਾਵ ਕੀਰਤਨ ਦੇ ਰਸੀਏ ਹਰ ਸਿੰਘ ਜਾਂ ਬੀਬੀ ਜੋ ਆਪਣੇ ਧੰਦਿਆਂ ਦੇ ਕਾਰਨ ਸਨਿਚਰਵਾਰ ਵਾਲੇ ਦਿਨ ਗਵਾਲੀਅਰ, ਲਸ਼ਕਰ ਜਾਂ ਮੁਗਰ ਵਿਚ ਹੋਣ ਤਾਂ ਉਹ ਜ਼ਰੂਰ ਹੀ ਕੀਰਤਨ ਸਮਾਗਮਾਂ ਵਿਚ ਦਰਸ਼ਨ ਦੇ ਕੇ ਕਿਰਤਾਰਥ ਕਰਨ। ਗਵਾਲੀਅਰ ਦੀ ਸੰਗਤ ਉਹਨਾਂ ਦੀ ਧੰਨਵਾਦੀ ਹੋਵੇਗੀ। (ਸੰਗਤ ਗਵਾਲੀਅਰ)

---

**ਰਿਸ਼ਤੇ-ਨਾਤੇ**—(1) ਇਕ ਅੰਮ੍ਰਿਤਧਾਰੀ ਡਾਕਟਰੀ ਪਾਸ, ਖ਼ੂਬਸੂਰਤ ਲੜਕੇ ਦੀ ਸ਼ਾਦੀ ਵਾਸਤੇ ਪੜ੍ਹੀ ਲਿਖੀ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ, ਕੀਰਤਨ ਕਰਨ ਵਾਲੀ ਲੜਕੀ ਨੂੰ ਪਹਿਲ ਦਿਤੀ ਜਾਵੇਗੀ। ਲੜਕੇ ਨੇ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਪ੍ਰੇਮ-ਅਖਾੜੇ ਹਥੋਂ ਅੰਮ੍ਰਿਤਪਾਨ ਕੀਤਾ ਹੈ, ਤੇ ਰਹਿਤ ਮਰਯਾਦਾ ਧਾਰਨ ਕੀਤੀ ਹੋਈ ਹੈ, ਉਸਦੀ ਆਮਦਨ ਇਕ ਹਜ਼ਾਰ ਰੁਪਿਆ ਮਹੀਨਾ ਹੈ। ਲੋੜਵੰਦ ਸਜਣ ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰਨ।

ਸ: ਬਖ਼ਸ਼ੀਸ਼ ਸਿੰਘ
ਬਸੰਤ ਭਵਨ, ਜਰੀ ਪਟਕਾ, ਫਾਲਕੇ ਬਜ਼ਾਰ,
ਲਸ਼ਕਰ, ਗਵਾਲੀਅਰ।

(2) ਦਾਸ ਦੀ ਉਮਰ ਤਕਰੀਬਨ 60 ਸਾਲ ਤੇ ਜਾਇਦਾਦ ਢਾਈ ਲੱਖ ਦੀ ਹੈ, ਵਿਧਵਾ ਸਿੰਘਣੀ ਦੀ ਲੋੜ ਹੈ, ਜਿਸ ਦੀ ਉਮਰ 40 ਤੋਂ 55 ਸਾਲ ਤਕ ਹੋਵੇ।

ਪਤਾ—ਨਾਹਰ ਸਿੰਘ, ਕੂਚਾ ਨੰ: 6, ਮਕਾਨ ਨੰ: 433,
ਫ਼ੀਲਡ ਗੰਜ, ਲੁਧਿਆਣਾ।

(8) ਇਕ ਮੈਟਰਿਕ ਪਾਸ ਤਿਆਰ ਬਰ ਤਿਆਰ ਸਿੰਘ, ਉਮਰ 25 ਸਾਲ, ਬਾਰੁਜ਼ਗਾਰ ਦੇ ਲਈ ਤਿਆਰ ਬਰ ਤਿਆਰ (ਅੰਮ੍ਰਿਤਧਾਰੀ) ਸਿੰਘਣੀ ਦੀ ਲੋੜ ਹੈ। ਹੇਠ ਲਿਖੇ ਪਤੇ ਤੇ ਪੁੱਛ ਗਿੱਛ ਕਰ ਸਕਦੇ ਹੋ।

ਸੁਖਦਰਸ਼ਨ ਸਿੰਘ
ਚਿੱਟ ਨੰ: 558, ਮਾਰਫ਼ਤ 'ਸੂਰਾ',
ਰਾਘੋਮਾਜਰਾ, ਪਟਿਆਲਾ


www.AKJ.0rg

੧ ੴ ਵਾਹਿਗੁਰੂ ਜੀ ਕੀ ਫ਼ਤਹ ॥

## 'ਸੂਰਾ ਰਾਹੀਂ ਹੋ ਰਹੇ ਗੁਰਮਤਿ ਪਰਚਾਰ ਲਈ ਪ੍ਰਾਪਤ

# ਮਾਇਕ ਸਹਾਇਤਾ

ਹੇਠ ਲਿਖੇ ਗੁਰਮੁਖ ਪਿਆਰਿਆਂ ਨੇ ਗੁਰਮਤਿ ਪ੍ਰਚਾਰ ਨਾਲ ਪਿਆਰ ਕਰਦੇ ਹੋਇ ਇਸ ਮਾਸਕ ਪਤਰ ਦੀ ਤਰੱਕੀ ਲਈ ਮਾਇਕ ਸਹਾਇਤਾ ਭੇਜੀ ਹੈ। ਅਸੀਂ ਉਹਨਾਂ ਦਾ ਧੰਨਵਾਦ ਕਰਦੇ ਹਾਂ ਅਤੇ ਅਰਦਾਸ ਕਰਦੇ ਹਾਂ ਸਚਾ ਪਾਤਸ਼ਾਹ ਉਹਨਾਂ ਨੂੰ ਨਾਮ ਦੀਆਂ ਚੜ੍ਹਦੀਆਂ ਕਲਾਂ ਬਖਸ਼ੇ ਤੇ ਖ਼ਜ਼ਾਨੇ ਭਰਪੂਰ ਕਰੇ। ਸਿਖੀ ਜੀਵਨ ਤੇ ਸਿਦਕ ਭਰੋਸੇ ਦੀ ਦਾਤ ਬਖਸ਼ੇ। (ਐਡੀਟਰ)

| ਨੰ: | ਨਾਮ | ਸਹਾਇਤਾ ਵਜੋਂ ਆਈ ਰਕਮ ਦਾ ਵੇਰਵਾ ਰੁਪਏ |
|---|---|---|
| ੧ | ਇਕ ਗੁਪਤ ਗੁਰਮੁਖ ਪਿਆਰਾ | ੪੦੦ |
| ੨ | ਸੂਬੇਦਾਰ ਮੇਲਾ ਸਿੰਘ 99 A.P.O. | ੧੦ |
| ੩ | ਸ: ਗਿਆਨ ਸਿੰਘ ਰਾੜੇਵਾਲਾ ਐਮ. ਐਲ. ਏ. ਚੰਡੀਗੜ੍ਹ | ੧੫ |
| ੪ | ਅਖੰਡ ਕੀਰਤਨੀ ਜਥਾ ਸ਼ਿਮਲਾ | ੧੧ |


ਜੇ ਤੁਸੀਂ ਜਪੁਜੀ ਸਾਹਿਬ ਵਿਚ ਵਰਨਣ ਕੀਤੇ ਪੰਜਾਂ ਖੰਡਾਂ (ਧਰਮ ਖੰਡ ਕਰਮ ਖੰਡ, ਗਿਆਨ ਖੰਡ, ਸਰਮ ਖੰਡ, ਸਚਖੰਡ) ਸੰਬੰਧੀ ਪ੍ਰਕਰਣਾਂ ਦੀ ਨਿਰਣੇ-ਪੂਰਬਕ ਵਿਆਖਿਆ ਚਾਹੁੰਦੇ ਹੋ ਤਾਂ

**ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਦੀ**

ਰਚਿਤ ਪੁਸਤਕ

**ਸਚਖੰਡ ਦਰਸ਼ਨ**

ਅਜ ਹੀ ਮੰਗਵਾਕੇ ਪੜ੍ਹੋ ! ਭੇਟਾ-75 ਪੈਸੇ, ਡਾਕ ਖਰਚ ਵਖਰਾ ਹੋਵੇਗਾ।

ਮਿਲਣ ਦਾ ਪਤਾ:—

**ਸੂਰਾ ਪੁਸਤਕ ਭੰਡਾਰ, ਰਾਘੋਮਾਜਰਾ, ਪਟਿਆਲਾ।**


www.AKJ.Org